ਮਈ 2005

# ਅੰਮ੍ਰਿਤ ਕੀਰਤਨ

# Amrit Kirtan




ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ

ਅੰਕ 5 ◆ ਸਾਲ ਸਤਾਰਵਾਂ ◆ ਮਈ 2005



ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)

**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007

**ਚੰਦੇ ਦਾ ਵੇਰਵਾ**

- ▲ **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


**ਚਿੱਠੀ ਪੱਤਰ ਲਈ ਪਤਾ**

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

1246/1, ਸੈਕਟਰ 22-ਬੀ, ਚੰਡੀਗੜ੍ਹ 160 022

ਫੋਨ : 0172-2701396, 2713915

**ਰਚਨਾਵਾਂ ਭੇਜਣ ਲਈ ਪਤਾ**

ਸੰਪਾਦਕ, 'ਅੰਮ੍ਰਿਤ ਕੀਰਤਨ'

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660

e-mail : drjagirsingh@rediffmail.com

Website : www.amritkirtan.org



| | |
|---|---|
| **ਮਿਤ੍ਰ ਅਸਾਡੜੇ ਸੇਈ**<br>*ਪਾਠਕਾਂ ਦੇ ਪੱਤਰ* | 2 |
| **ਕਰਉ ਬੇਨੰਤੀਆ**<br>*ਸੰਪਾਦਕੀ* | 3 |
| **ਸਾਚੇ ਨਾਮ ਕੀ ਲਾਗੈ ਭੂਖ॥...**<br>*ਭਗਵੰਤ ਸਿੰਘ ਦਿਲਾਵਰੀ* | 4 |
| **ਕੈਸਟ ਸਮੀਖਿਆ / ਤਬਲਾ ਵਾਦਕ ਭਾਈ ਭਜਨ ਸਿੰਘ ਬਿੱਟੂ**<br>*ਪ੍ਰੋ. ਮੰਗਤ ਸਿੰਘ ਮਸਤਾਨਾ* | 7 |
| **ਰਾਗ ਵਿਵਰਨ**<br>*ਪ੍ਰੋ. ਕਰਤਾਰ ਸਿੰਘ* | 8 |
| **ਰਾਗ ਅਤੇ ਸ਼ਬਦ**<br>*ਨਰਿੰਦਰ ਕੌਰ* | 11 |
| **ਗੁਰਮਤ ਸੰਗੀਤ**<br>*ਹਰਬਨ੍ਸ ਕੌਰ* | 14 |
| **Book Review**<br>*Brig. Hardit Singh (Retd.)* | 15 |
| **The Sikh Kirtan**<br>*Bhai Ardaman Singh* | 17 |
| **ਸੁਰ ਲਿਪੀ**<br>*ਪ੍ਰਿੰ. ਦਿਆਲ ਸਿੰਘ* | 23 |
| **ਸੁਰ ਲਿਪੀ ਵਾਲੇ ਸ਼ਬਦ ਦੇ ਅਰਥ**<br>*ਮਨਮੋਹਨ ਸਿੰਘ* | 24 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ **ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,** ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING

sohal specials

Designers & Printers

Phone: 0172 - 5091443

# ਮਿਤ੍ਰ ਅਸਾਡੜੇ ਸੇਈ

♦ ਸਮਾਚਾਰ ਇਹ ਹੈ ਕਿ ਅਪ੍ਰੈਲ ਦਾ ਅੰਕ ਬੇਹੱਦ ਪਸੰਦ ਆਇਆ। ਭਗਵੰਤ ਦਿਲਾਵਰੀ ਦਾ ਲੇਖ ਗੁਰੂ ਨਾਨਕ ਦੇਵ ਜੀ ਦੀ ਵਿਸਾਖੀ, ਸੋਹਣ ਸਿੰਘ ਦਾ ਲੇਖ ੳ ਅੰ (ੳ ਅੰਕਾਰ) ਲੇਖ, ਡਾ. ਜਸਬੀਰ ਸਿੰਘ ਸਰਨਾ ਵੱਲੋਂ ਲੇਖ ਅਫਗਾਨਿਸਤਾਨ ਦੇ ਇਤਿਹਾਸਕ ਗੁਰਦੁਆਰੇ ਅਤੇ ਅਸਥਾਨ, ਕੈਸਟ 'ਐਸੀ ਮਰਨੀ ਜੋ ਮਰੈ' ਭਾਈ ਜੁਗਿੰਦਰ ਸਿੰਘ ਰਿਆੜ ਬਾਰੇ ਵਲੋਂ ਹਰਮਿੰਦਰ ਸਿੰਘ ਢਿਲੋਂ ਦਾ ਲੇਖ –ਮਾਫ ਕਰਨਾ ਗੁਰੂ ਸਾਹਿਬਾਂ ਨੂੰ ਰਾਗਾਂ ਵਿਚ ਗੁਰਬਾਣੀ ਉਚਾਰਨ ਅਤੇ ਗਾਉਣ ਦੀ ਕੀ ਲੋੜ ਸੀ ਜੇਕਰ ਅਸੀਂ ਫਿਲਮੀ ਤਰਜਾਂ ਜਾਂ ਪੰਜਾਬੀ ਤਰਜਾਂ ਹੀ ਗਾਉਣੀਆਂ ਹਨ। ਗੁਰਬਾਣੀ ਕੋਈ ਗੀਤ ਨਹੀ ਇਹ ਤਾਂ ਬ੍ਰਹਮ ਦੀ ਬੀਚਾਰ ਹੈ। 99 ਪ੍ਰਤੀਸ਼ਤ ਸਰੋਤੇ ਰਿਆੜ ਦੀ ਗਾਇਕੀ ਨੂੰ ਸੁਣਨਾ ਪਸੰਦ ਨਹੀਂ ਕਰਦੇ। ਕਿਉਂਕਿ ਮਰਿਆਦਾ ਦੇ ਉਲਟ ਗਾਇਆ ਹੈ। ਦਾਸ ਨੂੰ ਇਕ ਕੰਪਨੀ ਨੇ ਕਿਹਾ ਕਿ ਇਸ ਤਰਾਂ ਦੀ ਕੈਸਟ ਕਰਾਉ ਤੁਹਾਨੂੰ ਫਰੀ ਰਿਕਾਰਡ ਕਰਾਂਗੇ। ਦਾਸ ਨੇ ਕੱਚੀ ਬਾਣੀ ਗਾਉਣ ਤੋਂ ਇਨਕਾਰ ਕਰ ਦਿੱਤਾ।

*- ਪ੍ਰੋ. ਮੰਗਤ ਸਿੰਘ ਮਸਤਾਨਾ*
*ਮਾਰਫਤ ਅਸ਼ੋਕਾ ਰਿਫਰੈਸ਼ਮੈਂਟ, ਮੰਡੀ ਹਰਜੀਰਾਮ ਮਲੋਟ, ਮੁਕਤਸਰ*

♦ It gave me lot of satisfaction and pleasure in going through the editorial of the last issue of 'Amrit Kirtan'. No doubt, you are doing yeoman's service in spreading message of 'Gurmat Sangeet. Both you and your brother Dr. Gurnam Singh are Doing wonderful work in spreading the message of great Gurus. While I have got only one of your cassette namely 'Sab Bidh', I am in a possession of set of 10 cassettes of Dr. Gurnam Singh. It is suggested that since large number of CDs and cassettes are coming out these days, review of real good ones may be published in every issue. This was being done by you earlier. It will also be nice if article is published about great service being rendered by Bhai Amir Singh of Singapore.

***- Rajpal Singh,***
*4, Bangur Nagar, Dandeli (Karnataka)*

## ਕਰਉ ਬੇਨੰਤੀਆ

### ਇੱਕ ਆਦਰਸ਼ਕ ਪਿੰਡ ਦੀਆਂ ਯਾਦਾਂ

ਪਿਛਲੇ ਦਿਨੀਂ ਮੇਰੇ ਮਾਮਾ ਜੀ ਦਰਸ਼ਨ ਸਿੰਘ ਮੇਰੇ ਕੋਲ ਆਏ। ਉਹ ਮੇਰੇ ਪਿਤਾ ਜੀ ਦੇ ਰਿਸ਼ਤੇਦਾਰ ਹੀ ਨਹੀਂ ਸਨ ਸਗੋਂ ਉਹ ਉਹਨਾਂ ਦੇ ਮਿੱਤਰ ਵੀ ਸਨ। ਇਹ ਮਿੱਤਰਚਾਰਾ ਉਹਨਾਂ ਆਖਰੀ ਦਿਨ ਤੱਕ ਨਿਭਾਇਆ। ਉਹ ਇਕ ਦੂਜੇ ਨੂੰ ਅਕਸਰ ਉਰਦੂ ਵਿੱਚ ਚਿੱਠੀਆਂ ਲਿਖਦੇ ਰਹਿੰਦੇ ਸਨ। ਮੇਰੇ ਇਹ ਮਾਮਾ ਜੀ ਅਖੰਡ ਪਾਠੀ ਸਨ। ਮੈਂ ਉਹਨਾਂ ਨੂੰ ਖੇਤੀਬਾੜੀ ਕਰਨ ਦੇ ਨਾਲ ਨਾਲ ਵਧੀਆ ਪਾਠੀ ਹੋਣ ਦਾ ਕਾਰਨ ਪੁੱਛਿਆ ਤਾਂ ਉਹ ਆਪਣੇ ਪੁਰਾਣੇ ਪਿੰਡ ਦੀਆਂ ਯਾਦਾਂ ਵਿੱਚ ਜਿਵੇਂ ਗੁਆਚ ਹੀ ਗਏ।

ਪਿੰਡ ਗੋਬਿੰਦ ਪੁਰਾ ਤਹਿਸੀਲ ਫਾਲੀਆ ਜ਼ਿਲ੍ਹਾ ਗੁਜਰਾਤ ਵਿਚ ਸੀ। ਮਾਮਾ ਜੀ ਦੇ ਦੱਸਣ ਅਨੁਸਾਰ ਇਹ ਪਿੰਡ ਬਿਲਕੁਲ ਜਿਵੇਂ ਨਕਸ਼ਾ ਬਣਾ ਕੇ ਉਸਾਰਿਆ ਗਿਆ। ਇਸ ਦੇ ਚਾਰ ਹਿੱਸੇ ਸਨ। ਪਿੰਡ ਦੇ ਵਿਚਕਾਰ ਖੂਹ ਸੀ ਅਤੇ ਨਾਲ ਹੀ ਗੁਰਦੁਆਰਾ ਸੀ। ਭਾਵੇਂ ਉਹ ਕੋਈ ਇਤਿਹਾਸਕ ਗੁਰਦੁਆਰਾ ਨਹੀਂ ਸੀ ਪਰ ਫਿਰ ਵੀ ਉੱਥੇ ਹਰ ਰੋਜ਼ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਸੀ। ਉਹਨਾਂ ਕੁਝ ਰਾਗੀਆਂ ਦੇ ਨਾਂ ਵੀ ਦੱਸੇ - ਭਾਈ ਲਾਭ ਸਿੰਘ, ਭਾਈ ਬਲਵੰਤ ਸਿੰਘ, ਭਾਈ ਮਾਨ ਸਿੰਘ ਪੰਛੀ, ਭਾਈ ਧਿਆਨ ਸਿੰਘ, ਭਾਈ ਫੌਜਾ ਸਿੰਘ, ਭਾਈ ਰਵੇਲ ਸਿੰਘ। ਇਹਨਾਂ ਵਿਚੋਂ ਭਾਈ ਮਾਨ ਸਿੰਘ ਪੰਛੀ, ਭਾਈ ਧਿਆਨ ਸਿੰਘ ਅਤੇ ਭਾਈ ਰਵੇਲ ਸਿੰਘ ਦਾ ਕੀਰਤਨ ਤਾਂ ਮੈਂ ਵੀ ਸੁਣਿਆ ਹੋਇਆ ਹੈ। ਭਾਈ ਰਵੇਲ ਸਿੰਘ ਜਦੋਂ ਵੀ ਏਧਰ ਜ਼ਿਲਾ ਪਟਿਆਲਾ ਦੇ ਪਿੰਡ ਬਪਰੌਰ ਵਿਚ ਕੋਈ ਸਮਾਗਮ ਹੁੰਦਾ ਤਾਂ ਉਹ ਢੋਲਕੀ ਨਾਲ ਹੀ ਕੀਰਤਨ ਕਰਦੇ। ਢੋਲਕੀ ਉੱਤੇ ਹੀ ਤਿੰਨ ਤਾਲ ਵਜਾਉਂਦਿਆਂ ਤਿਹਾਈਆਂ ਲਗਾਉਂਦੇ। ਉਦੋਂ ਸਾਨੂੰ ਕਲਾਸੀਕਲ ਸੰਗੀਤ ਦੀ ਕੋਈ ਸੋਝੀ ਨਹੀਂ ਸੀ ਹੁੰਦੀ। ਪਰ ਜਦੋਂ ਸਿਰ ਹਿਲਾ ਕੇ ਗਾਉਂਦੇ ਤਾਂ ਅਜੀਬ ਲੱਗਦਾ।

ਮਾਮਾ ਜੀ ਨੇ ਦੱਸਿਆ ਕਿ ਉਹਨਾਂ ਦੇ ਪਿੰਡ ਭਾਈ ਰੱਖਾ ਸਿੰਘ ਨਾਮ ਦਾ ਗ੍ਰੰਥੀ ਸੀ ਜੋ ਪਾਠ ਸਿਖਾਉਣ ਦੀ ਸੇਵਾ ਕਰਦਾ ਸੀ। ਮਾਮਾ ਜੀ ਛੋਟੀ ਉਮਰ ਵਿਚ ਹੀ ਪਾਠ ਕਰਨ ਲੱਗ ਪਏ ਸਨ। ਗੁਰਦੁਆਰੇ ਵਿਚ ਕੀਰਤਨ ਦੀ ਸਿਖਲਾਈ ਵੀ ਹੁੰਦੀ ਸੀ। ਉਸ ਸਮੇਂ ਪਿੰਡ ਵਿਚ ਬਹੁਤ ਰਾਗੀ ਤਿਆਰ ਹੋ ਗਏ ਸਨ। ਜਦੋਂ ਕਦੀ ਵਿਆਹ ਸ਼ਾਦੀ ਹੁੰਦੀ ਤਾਂ ਆਮ ਲੋਕਾਂ ਨੂੰ ਬਹੁਤ ਉਡੀਕ ਹੁੰਦੀ ਕਿ ਹੁਣ ਰਾਗੀਆਂ ਦੇ ਮੁਕਾਬਲੇ ਹੋਣਗੇ। ਰਾਤ ਨੂੰ ਮਿਲਣੀ ਸਮੇਂ ਪੰਜ ਸ਼ਬਦ ਧੇਤਿਆਂ ਵੱਲੋਂ ਅਤੇ ਪੰਜ ਸ਼ਬਦ ਪੁਤੇਤਿਆਂ ਵੱਲੋਂ ਗਾਏ ਜਾਂਦੇ ਸਨ। ਸਿਆਣੇ ਰਾਗੀ ਸੁਰ ਅਤੇ ਤਾਲ ਦੀ ਵਿਆਖਿਆ ਵੀ ਕਰੀ ਜਾਂਦੇ ਸਨ।

ਹੁਣ ਮੈਨੂੰ ਸਮਝ ਆਉਂਦੀ ਹੈ ਕਿ ਸਾਡੇ ਪਿੰਡ ਦੇ ਮੱਝਾਂ ਚਾਰਨ ਵਾਲੇ ਮੁੰਡੇ ਵੀ ਅੱਜ ਦੇ ਕਹਿੰਦੇ ਕਹਾਉਂਦੇ ਗਵੱਈਆਂ ਨਾਲੋਂ ਸੁਰ ਵਿਚ ਗਾ ਲੈਂਦੇ ਹਨ। ਜਦੋਂ ਕਦੀ ਗੁਰਪੁਰਬ ਆਉਂਦਾ ਤਾਂ ਤਿੰਨ ਦਿਨ ਦੀਵਾਨ ਲੱਗਦਾ ਪਤਾ ਨਹੀਂ ਕਿਵੇਂ ਦੋ ਪਾਰਟੀਆਂ ਬਣ ਜਾਂਦੀਆਂ। ਰਾਤੀਂ ਬਾਰਾਂ ਇਕ ਵਜੇ ਤੱਕ ਧਾਰਮਿਕ ਗੀਤ ਅਤੇ ਸ਼ਬਦ ਵਾਰੋ ਵਾਰੀ ਗਾਏ ਜਾਂਦੇ।

ਪਾਕਿਸਤਾਨ ਬਣਨ ਤੋਂ ਬਾਦ ਮਾਮਾ ਜੀ ਯੂ. ਪੀ. ਚਲੇ ਗਏ। ਉਹਨਾਂ ਮੇਰੇ ਪਿਤਾ ਜੀ ਨਾਲ ਮਿਲ ਕੇ ਇਕ ਜੱਥਾ ਬਣਾਇਆ। ਵੱਖ ਵੱਖ ਪਿੰਡਾਂ ਵਿਚ ਅਖੰਡ ਪਾਠ ਕਰਨ ਜਾਂਦੇ। ਹਰ ਰਾਤ ਨੂੰ ਅਤੇ ਸਵੇਰੇ ਕੀਰਤਨ ਹੁੰਦਾ।

ਮਾਮਾ ਜੀ ਅਜੇ ਹੋਰ ਵੀ ਗੱਲਾਂ ਦੱਸਣਾ ਚਾਹੁੰਦੇ ਸਨ। ਉਹ ਤਾਂ ਰਾਤ ਨੂੰ ਮੇਰੇ ਕੋਲ ਹੀ ਰਹਿਣਾ ਚਾਹੁੰਦੇ ਸਨ। ਪਰ ਮੇਰੇ ਰੁਝੇਵੇਂ ਹੀ ਅਜਿਹੇ ਸਨ। ਮੈਨੂੰ ਵੀ ਨਮੋਸ਼ੀ ਹੋਈ। ਪਤਾ ਨਹੀਂ ਕਿਉਂ ਹੁਣ ਤੱਕ ਮੈਂ ਉਹਨਾਂ ਪਾਸੋਂ ਇਹ ਗੱਲਾਂ ਨਹੀਂ ਸੀ ਪੁੱਛੀਆਂ।

ਇਹ ਯਾਦਾਂ ਬੀਤੇ ਸਮੇਂ ਦੇ ਅਤੇ ਹੁਣ ਦੇ ਚਿੰਤਾ ਭਰੇ ਸਫਰ ਵਿਚ ਠੰਡੀ ਛਾਂ ਦਾ ਅਸਰ ਛੱਡਦੀਆਂ ਹਨ।

ਪਾਠਕ ਜੀ! ਤੁਹਾਡੀਆਂ ਵੀ ਕੋਈ ਅਜਿਹੀਆਂ ਯਾਦਾਂ ਹੋਣਗੀਆਂ ਸਾਡੇ ਨਾਲ ਸਾਂਝੀਆਂ ਕਰੋ।

# ਸਾਚੇ ਨਾਮ ਕੀ ਲਾਗੈ ਭੂਖ ॥ ਉਤੁ ਭੂਖੈ ਖਾਇ ਚਲੀਅਹਿ ਦੂਖ ॥

ਭਗਵੰਤ ਸਿੰਘ ਦਿਲਾਵਰੀ : ਤਪੋਵਨ ਅਮਰਾਵਤੀ 444 602 (ਮਹਾਰਾਸ਼ਟਰਾ)

ਆਮ ਤੌਰ ਤੇ ਸਮਝਿਆ ਜਾਂਦਾ ਹੈ ਕਿ ਬੰਦੇ ਨੂੰ ਭੁਖ ਨਹੀਂ ਲਗਦੀ ਤਾਂ ਉਹ ਕਿਸੇ ਨਾ ਕਿਸੇ ਬੀਮਾਰੀ ਦਾ ਸ਼ਿਕਾਰ ਹੈ ਜਾਂ ਕਿਸੇ ਪਰੇਸ਼ਾਨੀ ਨਾਲ ਉਸਦੀ ਭੁਖ ਮੁਕ ਗਈ ਹੈ। ਪਰ ਹੁਣ ਮੈਂ 34 ਸਾਲਾਂ ਤੋਂ ਦੇਖ ਰਿਹਾ ਹਾਂ ਕਿ ਖਾਂਦੇ-ਪੀਂਦੇ, ਅਯਾਸ਼ੀ ਵਿਚ ਰਹਿੰਦੇ ਤੇ ਪੈਸੇ ਦੇ ਢੇਰਾਂ ਥੱਲੇ ਤੇ ਵਡਿਆਈਆਂ ਦੀਆਂ ਹਨੇਰੀਆਂ ਥੱਲੇ ਦਬੇ ਹੋਏ ਬੰਦੇ ਵੀ ਅਤਿਅੰਤ ਦੁਖੀ ਹਨ। ਗਰੀਬ ਲੋਕ ਇਹ ਸਮਝਦੇ ਹਨ ਕਿ ਪੈਸਾ ਹੋ ਜਾਏ ਤਾਂ ਸੁਖੀ ਹੋ ਜਾਣਗੇ, ਕੋਈ ਇਹ ਵੀ ਸਮਝ ਲੈਂਦਾ ਹੈ ਕਿ ਜੇ ਉਹਦੀਆਂ ਵੱਡੀਆਂ ਬਾਹਵਾਂ (ਮਤਲਬ ਵਡਿਆਂ ਲੋਕਾਂ ਨਾਲ ਰਿਸ਼ਤੇਦਾਰੀਆਂ ਹੋਣ) ਤਾਂ ਉਹ ਦੁਖੀ ਨਹੀਂ ਰਹਿਣਗੇ। ਕਈ ਤਾਂ ਇਹ ਵੀ ਸਮਝ ਲੈਣਗੇ ਕਿ ਉਨ੍ਹਾਂ ਦੇ ਦੁਖਾਂ ਦਾ ਕਾਰਣ ਕੋਈ ਹੋਰ ਹੈ ਤੇ ਉਸਨੂੰ ਕੋਸਦੇ ਰਹਿੰਦੇ ਹਨ ਤੇ ਨਫਰਤ ਵਿਚ ਆਪਣਾ ਆਪ ਸਾੜਦੇ ਰਹਿੰਦੇ ਹਨ। ਹੋਰ ਕਈ ਲੋਕ ਐਸੇ ਹਨ ਜੋ ਕਰਮਕਾਂਡੀ ਪੂਜਾ ਵਿਚ ਫਸ ਕੇ, ਕਿਸੇ ਬਾਬੇ ਦੀ ਧਾਰਮਕ ਪਾਖੰਡ ਦੀ ਦੁਕਾਨ ਤੇ ਜਾ ਕੇ ਹੋਰ ਦੁਖੀ ਹੁੰਦੇ ਹਨ ਜਦ ਉਨ੍ਹਾਂ ਦਾ ਪੈਸਾ ਤੇ ਕਦੇ-ਕਦੇ ਤੇ ਇੱਜਤ ਵੀ ਲੁਟੀ ਜਾਂਦੀ ਹੈ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਜਿਸ ਸ਼ਬਦ ਗੁਰੂ ਨੂੰ ਅਸੀਂ ਮੱਥੇ ਟੇਕਦੇ ਹਾਂ, ਰੁਮਾਲੇ ਚੜ੍ਹਾਉਂਦੇ ਹਾਂ ਤੇ ਕਈ ਤਰੀਕਿਆਂ ਨਾਲ ਗੁਰੂ ਗ੍ਰੰਥ ਸਾਹਿਬ ਦੀ ਚੌਥੀ ਸ਼ਤਾਬਦੀ ਮਨਾਉਣ ਲਈ ਕਈ ਪ੍ਰੋਗਰਾਮ ਉਲੀਕਦੇ ਹਾਂ ਤੇ ਸ਼ਾਇਦ ਜਲੂਸ ਵੀ ਕਢਾਉਂਦੇ, ਉਸ ਗੁਰੂ ਦੀ ਗੱਲ ਨਾ ਸੁਣਦੇ ਹਾਂ, ਨਾ ਮੰਨਦੇ ਹਾਂ ਤੇ ਨਾ ਹੀ ਅਮਲ ਵਿਚ ਲਿਆ ਕੇ ਇਸ ਸੱਚਾਈ ਨੂੰ ਅਨੁਭਵ ਕਰਦੇ ਹਾਂ।

ਭਾਵੇਂ ਰੋਜ਼ ਰਹਿਰਾਸ ਦਾ ਪਾਠ ਪੜ੍ਹਦਾ ਹਾਂ ਤਾਂ ਇਸ ਖਿਆਲ ਨਾਲ ਪੜ੍ਹਦਾ ਹਾਂ ਕਿ ਮੇਰੇ ਗੁਰੂ ਦੇ ਹੁਕਮਾਂ ਨਾਲ ਇਹ ਮੇਰੇ ਨਿਤਨੇਮ ਦਾ ਹਿਸਾ ਹੈ, ਪਰ ਕੱਲ ਸ਼ਾਮੀਂ ਜਦੋਂ ਮੈਂ ਸੈਰ ਕਰਦਿਆਂ ਪੂਰੇ ਧਿਆਨ ਨਾਲ ਗੁਰੂ ਦੇ ਬਚਨਾਂ ਵਿਚ ਮਨ ਜੋੜ ਕੇ ਦੇਖ ਰਿਹਾ ਸੀ ਕਿ ਇਹ ਮੇਰੇ ਜਿੰਦਗੀ ਦੇ ਅਨੁਭਵ ਹਨ ਤਾਂ ਇਕ ਤੁਕ ਸੁਰਤ ਵਿਚ ਚਮੁਟ ਗਈ, ਘੜੀ ਘੜੀ ਪੜੀ ਜਾਵਾਂ-

*ਸਾਚੇ ਨਾਮ ਕੀ ਲਾਗੈ ਭੂਖ॥*
*ਉਤੁ ਭੂਖੈ ਖਾਇ ਚਲੀਅਹਿ ਦੂਖ॥* (ਪੰਨਾ 9)

ਦਿਮਾਗ ਵਿਚ ਬਹਿ ਗਿਆ ਕਿ ਜਿਸਨੂੰ ਸਚੇ ਨਾਮ ਦੀ ਭੁਖ ਲੱਗਦੀ ਹੈ, ਜੇ ਉਹ ਪੂਰੀ ਹੋ ਜਾਏ (ਮਤਲਬ ਨਾਮ ਦੀ ਖੁਰਾਕ ਮਿਲ ਜਾਏ) ਤਾਂ ਦੁਖ ਲਹਿ ਜਾਂਦੇ ਹਨ। ਮੈਂ ਆਪਣੇ ਜੀਵਨ ਤੇ ਝਾਤ ਮਾਰੀ; absolutely true, ਮੂੰਹੋਂ ਨਿਕਲ ਗਿਆ। ਵੀਚਾਰ ਕਰਨ ਲਗਾ, ਫਿਰ ਅਸੀਂ ਦੁਖੀ ਕਿਉਂ ਰਹਿੰਦੇ ਹਾਂ? ਜਦ ਰੋਟੀ ਦੀ ਭੁਖ ਲੱਗਦੀ ਹੈ, ਖਾ ਕੇ ਤ੍ਰਿਪਤ ਹੋ ਜਾਂਦੇ ਹਾਂ; ਜਦ ਸਿਨੇਮਾ ਦੇਖਣ ਦੀ ਭੁਖ, MLA ਬਨਣ ਦੀ ਭੁਖ, ਸੋਹਣੇ ਕੱਪੜੇ ਪਾਣ ਦੀ ਭੁਖ ਜਾਂ ਸੋਹਣੇ ਲੱਗਣ ਦੀ ਭੁਖ ਲੱਗਦੀ ਹੈ ਤਾਂ ਝੱਟ ਇੰਤਜਾਮ ਕਰਕੇ ਉਹ ਭੁਖ ਮਿਟਾ ਲੈਂਦੇ ਹਾਂ ਪਰ ਰਹਿੰਦੇ ਫੇਰ ਵੀ ਦੁਖੀ ਹਾਂ। ਖਿਆਲ ਆਇਆ ਇਸ ਵਿਚ ਕਿਹੜੀ ਹੈਰਾਨੀ ਦੀ ਗੱਲ ਹੈ? ਸਾਡੇ ਗੁਰੂ ਨੇ ਤਾਂ ਆਪ ਕਿਹਾ ਹੈ (ਯਾਦ ਰਹੇ ਭਾਵੇਂ ਅਸੀਂ ਗੁਰੂ-ਸ਼ਬਦ ਦੀ ਵੀਚਾਰ ਕਰਕੇ ਨਾ ਬਚਨ ਮੰਨਦੇ ਹਾਂ, ਨਾ ਕਮਾਂਦੇ ਹਾਂ ਤੇ ਨਾ ਹੀ ਸੁਖੀ ਰਹਿਣ ਦੀ ਜਾਚ ਸਿੱਖਦੇ ਹਾਂ, ਭਾਵੇਂ ਘਰ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ ਤੇ ਬਾਹਰਲੇ ਸਤਿਕਾਰ ਨਾਲ ਬਾਬਾ ਜੀ ਦੇ ਕਮਰੇ ਅੰਦਰ ਗਰਮੀਆਂ ਵਿਚ AC ਤੇ ਸਰਦੀਆਂ ਵਿਚ ਰਜਾਈ ਰੱਖ ਦੇਂਦੇ ਹਾਂ), ਵੇਖੋ ਗੁਰੂ ਦਾ ਸਪਸ਼ਟ ਹੁਕਮ-

*ਸੁੰਦਰ ਸੇਜ ਅਨੇਕ ਸੁਖ ਰਸ ਭੋਗਨ ਪੂਰੇ॥*
*ਗ੍ਰਿਹ ਸੋਇਨ ਚੰਦਨ ਸੁਗੰਧ, ਲਾਇ ਮੋਤੀ ਹੀਰੇ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ*
*ਕਿਤੁ ਬਿਧਿ ਮਨੁ ਧੀਰੇ॥* (ਪੰਨਾ 707)

ਲੇਕਿਨ ਬਦਕਿਸਮਤੀ ਇਹ ਹੈ ਕਿ ਜਾਂ ਅਸੀਂ ਪੜ੍ਹਿਆ ਹੀ ਨਹੀਂ ਤੇ ਜੋ ਸੁਣਿਆ ਹੈ ਤਾਂ ਇਤਬਾਰ ਨਹੀਂ, ਇਸ ਲਈ in reality ਅਸੀਂ ਐਸ਼ ਕਰਦੇ, ਸੋਨੇ-ਚਾਂਦੀ ਵਿਚ ਰਹਿੰਦੇ, ਰਸਾਂ-ਕਸਾਂ ਤੇ ਸੁੰਦਰ ਸੇਜਾਂ ਮਾਣਦੇ ਵੀ ਵਿਸ਼ਟਾ ਕੇ ਕੀੜੇ ਬਣ ਰਹੇ ਹਾਂ ਕਿਉਂਕਿ ਹਰੀ ਦਾ ਨਾਮ ਅੰਦਰ ਨਾ ਵਸਣ ਕਾਰਨ ਸ਼ਾਂਤੀ ਨਹੀਂ ਹੋ ਸਕਦੀ ਤੇ ਮਨ ਧੀਰਜ ਵਿਚ ਆ ਨਹੀਂ ਸਕਦਾ।

ਬਹੁਤ ਸਾਲ ਹੋਏ ਜਦ ਮੇਰਾ ਰਾਹ ਬਦਲਿਆ ਤਾਂ ਮੈਨੂੰ

ਲੱਗਣ ਲੱਗਾ ਕਿ ਸੱਚਮੁੱਚ ਜਿਸਨੂੰ ਸਤਿਗੁਰੂ ਦੇ ਨਾਮ ਦੀ ਭੁਖ ਨਹੀਂ ਲੱਗਦੀ ਉਹ ਜ਼ਰੂਰ ਬੀਮਾਰ ਹੈ ਭਾਵੇਂ ਉਸਨੂੰ ਆਪੋਂ ਵੀ ਪਤਾ ਨਾ ਹੋਵੇ। ਅਸੀਂ ਸ਼ਰੀਰ ਦੀਆਂ ਬੀਮਾਰੀਆਂ ਦਾ ਪਤਾ ਲਾਉਣ ਲਈ ਕਈ ਕਿਸਮ ਦੇ ਟੈਸਟ ਕਰਾਉਂਦੇ ਹਾਂ ਤਾਂ "ਸੁਖ-ਸ਼ਾਂਤੀ ਨਾ ਹੋਣ" ਦੀ ਬੀਮਾਰੀ ਜਾਂ "ਦੁਖੀ ਰਹਿਣ" ਦੀ ਬੀਮਾਰੀ ਲਈ ਵੀ ਟੈਸਟ ਕਰਵਾਈਏ। ਜੇ ਸਾਨੂੰ ਪਤਾ ਲੱਗ ਜਾਏ ਕਿ ਇਹ ਬੀਮਾਰੀ ਤਾਂ ਮੇਰੀ ਆਪਣੀ, ਸਹੇੜੀ ਹੋਈ ਹੈ। ਜਿਵੇਂ ਬਾਕੀ ਬੀਮਾਰੀਆਂ ਦੇ symptoms ਹੁੰਦੇ ਹਨ- ਦਰਦ, ਉਲਟੀਆਂ, ਟੱਟੀਆਂ ਜਾਂ ਚੱਕਰ ਆਉਣ ਜਾਂ ਹੋਰ ਕਈ ਤਰ੍ਹਾਂ ਦੇ ਸੰਕੇਤ "ਅਸ਼ਾਂਤ ਤੇ ਦੁਖੀ" ਰਹਿਣ ਦੀ ਬੀਮਾਰੀ ਦੇ symptoms ਹਨ।

(1) ਆਤਮਕ ਭੁਖ ਦਾ ਨਾ ਹੋਣਾ ਤੇ ਪਤਾ ਹੀ ਨਾ ਹੋਣਾ ਕਿ ਇਸ ਬਗੈਰ ਬੰਦਾ ਜੀ ਨਹੀਂ ਸਕਦਾ, ਤੇ ਸਾਹ ਆਉਂਦਾ ਹੈ ਤਾਂ ਉਹ ਸਾਹ ਲਾਸ਼ ਦਾ ਸਾਹ ਹੈ- ਹਰ ਵੇਲੇ ਅਸ਼ਾਂਤ ਮਨ। ਇਸ ਤੋਂ ਪੈਦਾ ਹੁੰਦੇ ਹਨ ਹੋਰ symptoms। (2) ਨਿੰਦਾ ਤੇ ਚੁਗਲੀ ਆਪਣੇ imaginary ਦੋਖੀਆਂ ਦੀ; ਉਲ੍ਹਾਮੇ, ਸ਼ੱਕ ਤੇ ਬੇਚੈਨੀ। (3) ਈਰਖਾ ਤੇ ਸਾੜਾ। (4) ਹਰ ਵੇਲੇ ਖਿੱਝ। ਵਡਿਆਈ ਨਾ ਮਿਲੇ ਤਾਂ ਪਰੇਸ਼ਾਨੀ; ਮਿਲ ਜਾਏ ਤਾਂ ਆਕੜ ਤੇ ਖਿੱਝ ਉਨ੍ਹਾਂ ਤੇ ਜੋ ਵਡਿਆਈ ਨਹੀਂ ਦੇਂਦੇ। (5) ਆਪਣੇ ਆਪ ਨੂੰ ਕਦੇ ਵੀ ਗਲਤ ਨਾ ਜਾਨਣਾ ਤੇ ਹਮੇਸ਼ਾ ਆਪਣੇ ਦੁਖ ਲਈ ਦੂਜਿਆਂ ਨੂੰ ਕਸੂਰਵਾਰ ਜਾਨਣਾ। (6) ਪ੍ਰੇਮ ਦੀ ਘਾਟ। ਦੂਜੇ ਨੂੰ ਕਦੇ ਨਾ ਸਮਝਣਾ ਤੇ ਖੁਦ ਨੂੰ ਸਭ ਤੋਂ ਉੱਚਾ ਸਮਝਣਾ। (7) ਆਪਣੀਆਂ ਵਡਿਆਈਆਂ ਸੁਨਾਉਣ ਤੇ ਸੁਨਣ ਦਾ ਚਾ ਚੜ੍ਹਿਆ ਰਹਿਣਾ। ਦੂਜਿਆਂ ਦੀ ਗੱਲ ਨਾ ਸੁਨਣੀ, ਜਾਂ ਸੁਣੀ ਅਨਸੁਣੀ ਕਰ ਦੇਣੀ। (8) ਆਪਣੀ ਗਲਤੀ ਹੋਣ ਤੇ ਮੁਆਫੀ ਨਾ ਮੰਗਣੀ ਤੇ ਜੇ ਕੋਈ ਗਲਤੀ ਕਰਕੇ ਮਾਫੀ ਮੰਗ ਲਵੇ ਤਾਂ ਵੀ ਉਸਨੂੰ ਮਾਫ ਨਾ ਕਰਨਾ। (9) ਆਪਣੀ ਨਿੱਕੀ ਜਿਹੀ ਚੰਗੀ ਗੱਲ ਨੂੰ ਬਹੁਤ ਵੱਡੀ ਕਮਾਈ ਸਮਝਣਾ ਤੇ ਦੂਜਿਆਂ ਦੇ ਵੱਡੇ ਕੰਮ ਵੀ ਤੁਛ ਸਮਝਣਾ। (10) ਕ੍ਰੋਧ ਵਿਚ ਆਪਣਾ ਆਪ ਭੁਲ ਜਾਣਾ। ਮੋਹ ਵਿਚ ਅੰਨ੍ਹੇ ਹੋ ਜਾਣਾ ਤੇ ਮਾਇਆ ਤੇ ਧੋਖਿਆਂ ਤੋਂ ਬੇਖਬਰ ਰਹਿਣਾ।

ਜਦੋਂ ਇਹ ਸਭ ਗੱਲਾਂ ਲਿਖ ਰਿਹਾ ਸਾਂ ਤੇ ਮੈਨੂੰ ਗੁਰੂ ਦੇ ਹੁਕਮ ਯਾਦ ਆਉਣ ਲੱਗੇ ਜਿਹੜੇ ਸੱਚੇ ਨਾਮ ਦੀ ਭੁਖ ਵਧਾਂਦੇ ਹੀ ਨਹੀਂ ਸਗੋਂ ਹਮੇਸ਼ਾ ਲਈ ਸ਼ਾਂਤੀ ਦਾ ਖਜਾਨਾ ਅੰਦਰ ਹੀ ਪੈਦਾ ਕਰ ਦੇਂਦੇ ਹਨ ਅਤੇ ਸਾਰੀ ਦੁਨੀਆਂ ਸਾਨੂੰ ਆਪਣੀ ਮਿੱਠੀ ਸੁਹਾਵਣੀ ਛਾਂ ਲੱਗਣ ਲੱਗ ਜਾਂਦੀ ਹੈ। ਇਤਨਾ ਹੀ ਨਹੀਂ, ਕਦੇ ਖਿਆਲ ਹੀ ਨਹੀਂ ਆਉਂਦਾ ਕਿ ਮੇਰਾ ਕੋਈ ਵੈਰੀ ਹੋ ਸਕਦਾ ਹੈ। ਕਿ ਮੈਂ ਇਤਨਾ ਭੈੜਾ ਤੇ ਸਾਹਿਬ ਇਤਨਾ ਮਹਾਨ ਹੈ ਸਗੋਂ ਇਹੋ ਚੇਤਾ ਰਹਿੰਦਾ ਹੈ; ਕਿ ਉਹ ਮੇਰੇ ਨੀਚ ਤੇ ਕਿਰਪਾਲੂ ਹੈ।

*ਹਮ ਨਹੀ ਚੰਗੇ ਬੁਰਾ ਨਹੀ ਕੋਇ॥* (ਪੰਨਾ 728)

ਅਤੇ

*ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ॥* (ਪੰਨਾ 991)

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥* (ਪੰਨਾ 1382)

*ਨਾਨਕ ਨਾਮੇ ਸਭ ਹਰਿਆਵਲੀ*
*ਗੁਰ ਕੈ ਸਬਦਿ ਵੀਚਾਰਿ॥* (ਪੰਨਾ 1285)

*ਜਿਨ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ॥*
*ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ॥* (ਪੰਨਾ 1422)

*ਸਾਸਿ ਸਾਸਿ ਮਨੁ ਨਾਮੁ ਸਮ੍ਹਾਰੈ*
*ਇਹੁ ਬਿਸ੍ਰਾਮ ਨਿਧਿ ਪਾਈ॥* (ਪੰਨਾ 673)

*ਕਹੈ ਕਬੀਰ ਮਦਨ ਕੇ ਮਾਤੇ ਹਿਰਦੈ ਦੇਖ ਬੀਚਾਰੀ॥*
*ਤੁਮ ਘਰਿ ਲਾਖ ਕੋਟਿ ਅਸ੍ਵ ਹਸਤੀ*
*ਹਮ ਘਰਿ ਏਕੁ ਮੁਰਾਰੀ॥* (ਪੰਨਾ 336)

*ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ॥*
*ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ॥* (ਪੰਨਾ 474)

*ਆਪਸ ਕਉ ਜੋ ਭਲਾ ਕਹਾਵੈ॥*
*ਤਿਸਹਿ ਭਲਾਈ ਨਿਕਟਿ ਨ ਆਵੈ॥* (ਪੰਨਾ 278)

*ਜੋ ਜਾਨੈ ਮੈਂ ਜੋਬਨਵੰਤੁ॥*
*ਸੋ ਹੋਵਤ ਬਿਸਟਾ ਕਾ ਜੰਤੁ॥* (ਪੰਨਾ 278)

*ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ*
*ਸੋ ਸੁਖੁ ਰਾਜਿ ਨ ਲਹੀਐ॥* (ਪੰਨਾ 336)

ਫਿਰ ਵੀ ਭੁਖ ਕਿਉਂ ਨਹੀਂ ਲਗਦੀ ਸਚੇ ਨਾਮ ਦੀ? ਜਿਵੇਂ ਮੈਂ ਪਹਿਲਾਂ ਕਿਹਾ ਹੈ ਕਿ ਅਸੀਂ ਨਾਮ ਨੂੰ ਗੁਰਦੁਆਰੇ ਪਾਠ ਕਰਾਉਣਾ ਜਾਂ ਕਰ ਲੈਣਾ, ਮੱਥਾ ਟੇਕਣਾ, ਕੀਰਤਨ ਸੁਣ ਲੈਣਾ ਜਾਂ ਕਰਾ ਲੈਣਾ। ਇਹ ਸਭ ਕੁਝ ਨਾਮ ਤਾਂ ਬਣਦਾ ਹੈ ਜਦ ਗੁਰੂ ਦੀ ਹਜੂਰੀ ਵਿਚ ਅੰਦਰੋਂ ਅੰਦਰ 24 ਘੰਟੇ ਇਹ ਯਾਦ ਰਹਵੇ ਕਿ ਮੈਂ ਕੁਝ ਨਹੀਂ ਤੇ ਸਭ ਕੁਛ ਪ੍ਰਭੂ ਹੀ ਹੈ। ਇਸਦਾ ਸਬੂਤ ਆਪਣੇ ਆਪ ਨੂੰ ਮਿਲੇਗਾ ਜਦ ਕੰਨਾਂ ਵਿਚ ਗੁਰੂ ਦੀ ਆਵਾਜ਼, ਜੁਬਾਨ

ਤੇ ਗੁਰੂ ਦੇ ਬਚਨ, ਸੁਰਤ ਵਿਚ ਸ਼ਬਦ ਦੀ ਧੁੰਨ ਤੇ ਮਨ ਵਿਚ ਆਪਣੀ ਗੁਣਹੀਨਤਾ ਦਾ ਯਕੀਨ ਹੋਵੇ।

ਨਾਮ ਦਾ ਰੰਗ ਵੱਖਰਾ ਹੈ, ਨਿਰਾਲਾ ਹੈ ਤੇ ਸਭ ਕਿਸਮ ਦੀਆਂ ਰੁਚੀਆਂ ਤੋਂ ਕੇਵਲ ਉਪਰ ਹੀ ਨਹੀਂ, ਸਭ ਹੋਰ ਰਸਾਂ ਤੇ ਰੁਚੀਆਂ ਨਾਲੋਂ ਵਿਛੋੜ ਦੇਂਦਾ ਹੈ। ਵੇਖੋ,

*ਦੁਇ ਦੁਇ ਲੋਚਨ ਪੇਖਾ॥*
*ਹਉ ਹਰਿ ਬਿਨੁ ਅਉਰੁ ਨ ਦੇਖਾ॥*
*ਨੈਨ ਰਹੇ ਰੰਗੁ ਲਾਈ॥*
*ਅਬ ਬੇਗਲ ਕਹਨੁ ਨ ਜਾਈ॥* (ਪੰਨਾ 655)

*ਰਾਮ ਰਸੁ ਪੀਆ ਰੇ॥*
*ਜਿਹ ਰਸੁ ਬਿਸਰਿ ਗਏ ਰਸ ਅਉਰ॥* (ਪੰਨਾ 337)

*ਹਰਿ ਬਿਨੁ ਕਛੂ ਨ ਲਾਗਈ ਭਗਤਨ ਕਉ ਮੀਠਾ॥*
*ਆਨ ਸੁਆਦ ਸਭਿ ਫੀਕਿਆ ਕਰਿ ਨਿਰਨਉ ਡੀਠਾ॥*
(ਪੰਨਾ 708)

ਹਾਂ, ਮੈਂ ਇਹ ਤਾਂ ਦੱਸਣਾ ਹੀ ਭੁਲ ਗਿਆ ਸਾਂ ਕਿ ਨਾਮ ਦੀ ਭੁਖ ਨਾ ਲੱਗਣ ਦਾ ਮੂਲ ਕਾਰਨ ਹੈ ਕਿ ਹੋਰ ਭੁਖਾਂ ਪਰਬਲ ਰਹਿੰਦੀਆਂ ਹਨ। ਪਰ ਜੇ ਗੁਰੂ ਦੇ ਬਚਨ ਹਿਰਦੇ ਵਿਚ ਵਸ ਜਾਣ ਤੇ ਉਨ੍ਹਾਂ ਤੇ ਇਤਬਾਰ ਹੋ ਜਾਏ ਤਾਂ ਕੇਵਲ ਨਾਮ ਦੀ ਭੁੱਖ ਲੱਗੇਗੀ ਹੀ ਨਹੀਂ ਬਲਕਿ 24 ਘੰਟੇ ਬੰਦਾ ਭੁੱਖਾ ਹੀ ਰਹੇਗਾ। ਗੁਰੂ ਆਪ ਕਹਿੰਦਾ ਹੈ-

*ਹਉ ਗੁਰੂ ਸਾਲਾਹਿ ਨ ਰਜਊ*
*ਮੈ ਮੇਲੇ ਹਰਿ ਪ੍ਰਭੁ ਪਾਸਿ॥* (ਪੰਨਾ 41)

*ਜਬ ਗੁਣ ਗਾਇ ਤਬ ਹੀ ਮਨੁ*
*ਤ੍ਰਿਪਤੈ ਸਾਂਤਿ ਮਨਿ ਆਇ॥* (ਪੰਨਾ 1199)

ਵੇਖੋ ਬਾਬਾ ਫਰੀਦ ਜੀ ਤਾਂ ਇਕ ਵਾਰ ਵੇਲੇ ਸਿਰ ਨਮਾਜ਼ ਨਾ ਪੜ ਸਕੇ ਤਾਂ ਚੀਖ ਉਠੇ-

*ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥*
(ਪੰਨਾ 1379)

ਇਕ ਗੱਲ ਤਾਂ ਸਪਸ਼ਟ ਹੈ ਕਿ ਭੁੱਖ ਉਸਨੂੰ ਲੱਗੇਗੀ ਜਿਸਨੂੰ ਪਤਾ ਲੱਗ ਜਾਏ ਕਿ ਭੁਖ ਨਾ ਲੱਗਣ ਕਰਕੇ ਮੈਂ ਬੀਮਾਰ ਹਾਂ ਤਾਂ ਉਹ ਸਭ ਤੋਂ ਵੱਡੇ ਡਾਕਟਰ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਸਲਾਹ ਲਏਗਾ। ਗੁਰੂ ਸਪਸ਼ਟ ਦੱਸਦੇ ਹਨ;

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥*
*ਮਿਰਤਕ ਕਹੀਅਹਿ ਨਾਨਕਾ*
*ਜਿਹ ਪ੍ਰੀਤਿ ਨਹੀ ਭਗਵੰਤ॥* (ਪੰਨਾ 253)

ਹੁਣ ਕੋਈ ਭੁਲੇਖਾ ਰਹਿ ਸਕਦਾ ਹੈ? ਹਾਂ, ਮਾਇਆ ਵਿਚ ਅੰਨੇ ਹੋਏ ਬੰਦੇ ਨੂੰ ਨਹੀਂ ਸਮਝ ਆਏਗੀ ਕਿਉਂਕਿ

*ਮਾਇਆਧਾਰੀ ਅਤਿ ਅੰਨਾ ਬੋਲਾ॥*
*ਸਬਦੁ ਨ ਸੁਣਈ ਬਹੁ ਰੋਲ ਘਚੋਲਾ॥* (ਪੰਨਾ 313)

ਗੁਰੂ ਸਾਹਿਬ ਤਾਂ ਕਹਿ ਰਹੇ ਹਨ, ਅਤਿ ਸੁੰਦਰ ਹੋਣਾ, ਕੁਲ ਵਡੀ ਹੋਣਾ, ਬਹੁਤ ਸਿਆਣਾ ਜਾਂ ਗਿਆਨਵਾਨ ਹੋਣਾ ਜਾਂ ਵਡਾ ਧਨਾਢ ਹੋਣਾ, ਤੈਨੂੰ ਕੇਵਲ ਲਾਸ਼ ਬਣਾ ਸਕਦਾ ਹੈ ਹੋਰ ਕੁਝ ਵੀ ਨਹੀਂ ਜਦ ਤਕ ਤੇਰੇ ਅੰਦਰ ਪ੍ਰਭੂ ਦਾ ਪਿਆਰ ਨਹੀਂ ਵੱਸਦਾ।

ਭਾਵੇਂ ਜਪੁਜੀ ਸਾਹਿਬ ਵਿਚ ਪੜਦੇ ਆਏ ਹਾਂ,

*ਭਰੀਐ ਮਤਿ ਪਾਪਾ ਕੈ ਸੰਗਿ॥*
*ਉਹੁ ਧੋਪੈ ਨਾਵੈ ਕੈ ਰੰਗਿ॥*

ਅਸਾਂ ਕਦੇ ਇਹ ਨਹੀਂ ਸੋਚਿਆ ਕਿ ਕੇਵਲ ਮਤਿ ਪਾਪਾਂ ਨਾਲ ਭਰੀ ਹੋਣ ਕਰਕੇ ਹੀ ਤਾਂ ਅਸੀਂ ਦੁਖੀ ਹੁੰਦੇ ਹਾਂ ਤੇ ਦੁਖ ਨਾਮ ਦੀ ਭੁਖ ਕਾਲ ਮਿਟ ਸਕਦੇ ਹਨ।

ਰਹਿਰਾਸ ਸਾਹਿਬ ਵਿਚੋਂ ਹੀ ਗੁਰੂ ਅਰਜਨ ਦੇਵ ਜੀ ਦੀ ਹੀ ਸਿੱਖਿਆ ਲੈਂਦੇ ਹਾਂ। ਸਾਹਿਬ ਤਾਂ ਕਹਿੰਦੇ ਹਨ ਜੇ ਸਾਰੀਆਂ ਇੰਦਰੀਆਂ ਕੇਂਦਰਤ ਕਰ ਕੇ ਤੂੰ ਵਾਹਿਗੁਰੂ ਨਾਲ ਜੁੜ ਜਾਏਂ ਤਾਂ ਇਕ ਤਾਂ ਤੂੰ ਵਿਰਲਾ ਹੋ ਸਕਦਾ ਹੈਂ, ਦੂਜਾ ਦਰਗਾਹ ਵਿਚ ਕਬੂਲ ਹੋ ਸਕਦਾ ਹੈਂ। ਫਿਰ ਕੀ ਅਸੀਂ ਨਹੀਂ ਚਾਹੁੰਦੇ ਕਿ-

-ਸਾਡੇ ਦੁਖ ਮਿਟ ਜਾਣ? ਸਾਡੇ ਪਾਪ ਮਿਟ ਜਾਣ? ਅਸੀਂ ਸੁਖ ਸ਼ਾਂਤੀ ਵਿਚ ਰਹੀਏ, ਅਸੀਂ ਅਨੰਦ ਵਿਚ ਰੰਗੇ ਰਹੀਏ? ਅਸੀਂ ਅਨੁਭਵ ਕਰ ਸਕੀਏ ਕਿ ਵਾਹਿਗੁਰੂ ਸਾਡਾ ਮਿਤ੍ਰ ਹੈ?

ਜੇ ਚਾਹੁੰਦੇ ਹਾਂ ਤਾਂ ਵੇਖੋ ਗੁਰੂ ਅਰਜਨ ਦੇਵ ਜੀ ਦੀ ਗਾਰੰਟੀ-

*ਅੰਤਰਿ ਗੁਰ ਅਰਾਧਨਾ ਜਿਹਵਾ ਜਪਿ ਗੁਰ ਨਾਉ॥*
*ਨੇਤ੍ਰੀ ਸਤਿਗੁਰ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥*
*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥*
*ਕਹੁ ਨਾਨਕ ਕਿਰਪਾ ਕਰੇ ਜਿਸਨੂੰ ਏਹ ਵਥੁ ਦੇਇ॥*
*ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ॥*
(ਪੰਨਾ 517)

ਖਾਲਸਾ ਵਿਰਲਾ ਹੀ ਤਾਂ ਹੈ। ਇਸੇ ਲਈ ਨਾਮ ਦੀ ਭੁਖ ਵਿਰਲਿਆਂ ਨੂੰ ਹੀ ਲੱਗਦੀ ਹੈ ਤੇ ਇਸੇ ਲਈ ਵਿਰਲੇ ਹੀ ਪਾਪ ਰਹਿਤ ਹੁੰਦੇ ਹਨ। ਇਸੇ ਲਈ ਸਾਨੂੰ ਦੱਸਿਆ ਗਿਆ ਹੈ ਕਿ ਨਾਮ ਦੀ ਭੁਖ ਪ੍ਰਭੂ ਪਿਆਰ ਤੋਂ ਪੈਦਾ ਹੁੰਦੀ ਹੈ ਤੇ ਪ੍ਰਭੂ ਪਿਆਰ ਸਤਿ ਸੰਗਤ ਵਿਚੋਂ ਉਪਜਦਾ ਹੈ-

*ਸਾਧਸੰਗਤਿ ਬਿਨਾ ਭਾਉ ਨਹੀ ਉਪਜੈ॥*
*ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥* (ਪੰਨਾ 694)

# ਕੈਸਟ ਸਮੀਖਿਆ

ਮੰਗਤ ਸਿੰਘ ਮਸਤਾਨਾ : ਅਸ਼ੋਕਾ ਰਿਫਰੈਸ਼ਮੈਂਟ, ਮੰਡੀ ਹਰਜੀਰਾਮ ਮਲੋਟ, ਮੁਕਤਸਰ

ਭਾਈ ਸੁਖਦੇਵ ਸਿੰਘ ਰਾਗੀ ਬਠਿੰਡਾ ਦੀ ਸ਼ਬਦਾਂ ਦੀ ਕੈਸਟ ਗਾਵਹੁ ਪ੍ਰਭ ਜੀ ਬਾਣੀ ਵਿਚ ਏ ਸਾਈਡ ਪਹਿਲਾ ਸ਼ਬਦ ਗਾਵਹੁ ਪ੍ਰਭ ਕੀ ਬਾਣੀ ਦੂਜਾ ਸ਼ਬਦ 'ਮਿਹਰਬਾਨ ਸਾਹਿਬ ਮਿਹਰਬਾਨ' ਤੀਜਾ ਸ਼ਬਦ '**ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮ**' ਅਤੇ ਬੀ ਸਾਈਡ '**ਕਰੋ ਦਇਆ ਮੇਰੇ ਸਾਈ**' ਦੂਜਾ ਸ਼ਬਦ '**ਮੇਰੇ ਸਾਹਿਬ**' ਵਧੀਆ ਢੰਗ ਨਾਲ ਗਾਏ ਹਨ ਸੰਗੀਤ ਤੁਲਸੀ ਅਨੂਪਨ ਨੇ ਦਿੱਤਾ ਹੈ ਪ੍ਰੋਡਿਊਸਰ ਬੂਟਾ ਭਾਈ ਰੂਪਾ ਹੈ।

ਦੂਜੀ ਕੈਸਟ ਭਾਈ ਸੁਖਦੇਵ ਸਿੰਘ ਜੀ ਤਰਨ ਤਾਰਨ ਵਾਲੇ ਜੋ ਕਿ ਟੀ ਸੀਰੀਜ ਕੰਪਨੀ ਵਿਚ ਆਈ ਹੈ ਏ ਸਾਈਡ ਵਿਚ '**ਮਨ ਮੇਰੇ ਕਰਤੇ ਨੋ ਸਲਾਹਿ॥**' ਦੂਜਾ ਸ਼ਬਦ '**ਅਵਲਿ ਅਲਹ ਨੂਰ ਉਪਾਇਆ**' ਅਤੇ ਤੀਜਾ ਸ਼ਬਦ '**ਸੁਣਿ ਸੁਣਿ ਜੀਵਾ ਤੇਰੀ ਬਾਣੀ**' ਬੀ ਸਾਈਡ ਪਹਿਲਾ ਸ਼ਬਦ '**ਪਾਤੀ ਤੋਰੈ ਮਾਲਨੀ**', ਦੂਜਾ ਸ਼ਬਦ '**ਮੇਰਾ ਸਤਿਗੁਰ ਪਿਆਰਾ ਕਿਤਿ ਬਿਧਿ ਮਿਲੈ**' ਤੀਜਾ ਸ਼ਬਦ '**ਰਾਮ ਪਾਰਸ ਚੰਦਨ ਹਮ ਕਾਸਟ ਲੋਸਟ**' ਚੌਥਾ ਸ਼ਬਦ '**ਮੇਰੀ ਪ੍ਰੀਤ ਗੋਬਿੰਦ ਸਿਉ ਜਿਨ ਘਟੈ**' ਅਤੇ ਪੰਜਵਾ ਸ਼ਬਦ '**ਮਾਈ ਗੁਰ ਚਰਣੀ ਚਿਤ ਲਾਈਐ**' ਆਦਿਕ ਸਾਰੇ ਹੀ ਸ਼ਬਦ ਕਾਬਿਲੇ ਤਾਰੀਫ ਗਾਇਣ ਕੀਤੇ ਹਨ। ਬਹੁਤ ਸਾਰੇ ਭਾਈ ਬਖਸ਼ੀਸ਼ ਸਿੰਘ ਜੀ ਪਟਿਆਲਾ ਦੀ ਗਾਇਣ ਸ਼ੈਲੀ ਦੀ ਨਕਲ ਕਰਦੇ ਪਰ ਭਾਈ ਸੁਖਦੇਵ ਸਿੰਘ ਜੀ ਤਰਨ ਤਾਰਨ ਵਾਲੇ ਹੀ ਭਾਈ ਬਖਸ਼ੀਸ਼ ਸਿੰਘ ਜੀ ਦੀਆਂ ਗੀਤਾਂ/ਰਾਗ ਬਿਲਕੁਲ ਹੂਬਹੂ ਗਾ ਸਕਦੇ ਅਤੇ ਗਾਏ ਵੀ ਹਨ। ਭਾਈ ਸੁਖਦੇਵ ਸਿੰਘ ਜੀ ਨਾਲ ਇਕ ਵਾਰ ਮਲੋਟ ਦੀ ਸਟੇਜ ਤੇ '**ਪਾਤੀ ਤੌਰੈ ਮਾਲਨੀ**' ਸ਼ਬਦ ਨਾਲ ਦਾਸ ਨੇ ਤਬਲਾ ਵਜਾਇਆ ਸੀ ਭਾਈ ਸਾਹਿਬ ਬਹੁਤ ਵਧੀਆ ਕੀਰਤਨਕਾਰ ਰਾਗੀ ਹਨ।

# ਤਬਲਾ ਵਾਦਕ ਭਾਈ ਭਜਨ ਸਿੰਘ ਬਿੱਟੂ

ਪ੍ਰੋ. ਐਮ.ਐਸ. ਮਸਤਾਨਾ : ਅਸ਼ੋਕਾ ਰਿਫਰੈਸ਼ਮੈਂਟ, ਮੰਡੀ ਹਰਜੀ ਰਾਮ, ਮਲੋਟ

ਭਾਈ ਭਜਨ ਸਿੰਘ ਬਿੱਟੂ ਦਾ ਜਨਮ ਸਰਦਾਰ ਜੋਧ ਸਿੰਘ ਦੇ ਘਰ ਅਲਵਰ (ਰਾਜਿਸਥਾਨ) ਵਿਖੇ ਹੋਇਆ। ਭਾਈ ਭਜਨ ਸਿੰਘ ਬਿੱਟੂ ਬਹੁਤ ਇਮਾਨਦਾਰ ਅਤੇ ਮਿਲਣਸਾਰ ਵਿਅਕਤੀ ਹਨ। ਭਾਈ ਸਾਹਿਬ ਨੇ ਬਠਿੰਡਾ ਦੇ ਪ੍ਰਸਿੱਧ ਰਾਗੀ ਭਾਈ ਰਜਿੰਦਰ ਸਿੰਘ, ਭਾਈ ਹਰਜਿੰਦਰ ਸਿੰਘ ਮੁਕਤਸਰ ਵਾਲੇ ਅਤੇ ਭਾਈ ਗਮਬੀਰ ਸਿੰਘ ਮੁਕਤਸਰ ਵਾਲਿਆਂ ਕੋਲੋਂ ਬੜੀ ਲਗਨ ਤੇ ਮਿਹਨਤ ਨਾਲ ਤਬਲਾ ਸਿੱਖਿਆ। ਆਪ ਜੀ ਨੇ ਗੁਰਦੁਆਰਾ ਸਿੰਘ ਸਭਾ ਮਲੋਟ, ਗੁਰਦੁਆਰਾ ਨਾਨਕਸਰ ਟੋਭਾ ਅਬੋਹਰ ਅਤੇ ਗੁਰਦੁਆਰਾ ਸਿੰਘ ਸਭਾ ਮੰਡੀ ਗੁਰੂ ਹਰ ਸਹਾਇ (ਫਿਰੋਜ਼ਪੁਰ) ਵਿਖੇ ਪੰਜ ਛੇ ਸਾਲ ਬਕਾਇਦਾ ਤਬਲੇ ਦੀ ਡਿਊਟੀ ਕੀਤੀ। ਡਿਊਟੀ ਦੌਰਾਨ ਕਿਸੇ ਕਿਸਮ ਦੀ ਊਣਤਾਈ ਜਾਂ ਉਲ੍ਹਾਮਾ ਉਜਾਗਰ ਨਹੀਂ ਹੋਣ ਦਿੱਤਾ। ਉਨ੍ਹਾਂ ਨੇ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਤਬਲੇ ਦਾ ਸੀਨੀਅਰ ਡਿਪਲੋਮਾ ਹਾਸਿਲ ਕੀਤਾ। ਆਪਣੀ ਕਲਾ ਦੇ ਜੌਹਰ ਦਿਖਾਉਂਦੇ ਹੋਏ ਬਹੁਤ ਸਾਰੇ ਸਕੂਲਾਂ ਕਾਲਿਜਾਂ ਵਿਚੋਂ ਮਾਨ ਸਨਮਾਨ ਹਾਸਿਲ ਕੀਤੇ। ਆਪ ਨੇ ਤਬਲੇ ਦੇ ਖੇਤਰ ਵਿਚ ਉਸਤਾਦ ਤਾਰੀਖਾਨ ਸਾਹਿਬ, ਉਸਤਾਦ ਜਾਕਰ ਹੁਸੈਨ ਆਦਿ ਦਾ ਪ੍ਰਭਾਵ ਕਬੂਲਿਆ। ਭਾਈ ਨਿਰੰਜਨ ਸਿੰਘ ਜਵੱਦੀਕਲਾਂ ਅਤੇ ਨੁਸਰਤ ਅਲੀ ਖਾਨ ਆਦਿਕ ਭਾਈ ਸਾਹਿਬ ਜੀ ਦੇ ਮਨਪਸੰਦ ਗਾਇਕ ਹਨ।

## ਰਾਗ ਵਿਵਰਨ

ਪ੍ਰੋ. ਕਰਤਾਰ ਸਿੰਘ : ਪੁਸਤਕ 'ਗੁਰਮਤਿ ਸੰਗੀਤ ਦਰਪਣ' 'ਚੋਂ ਧੰਨਵਾਦ ਸਹਿਤ

### ਰਾਗੁ ਮਾਝ

ਭਾਰਤੀ ਸੰਗੀਤ ਦੇ ਪ੍ਰਾਚੀਨ ਗ੍ਰੰਥਾਂ ਵਿਚ ਰਾਗੁ ਮਾਝ ਦਾ ਜ਼ਿਕਰ ਨਹੀਂ ਮਿਲਦਾ। ਮੱਧ ਕਾਲ ਵਿਚ ਪ੍ਰਚੱਲਿਤ ਰਾਗ-ਰਾਗਨੀ ਵਰਗੀਕਰਨ ਤੇ ਮੇਲ-ਰਾਗ ਵਰਗੀਕਰਨ ਵਿਚ ਵੀ ਇਸ ਰਾਗ ਦਾ ਕਿਤੇ ਵਰਨਣ ਨਹੀਂ ਮਿਲਦਾ। ਕਈ ਸਿਆਣੇ ਬਜ਼ੁਰਗ 'ਮਾਝ ਖਮਾਜ' ਰਾਗ ਦਾ ਜ਼ਿਕਰ ਤਾਂ ਕਰਦੇ ਹਨ ਪਰ ਉਸ ਦੇ ਸਰੂਪ ਬਾਰੇ ਕੋਈ ਠੀਕ ਸਬੂਤ ਨਹੀਂ ਮਿਲਦੇ ਹਨ। 'ਰਾਗ ਵਿਯਾਕਰਨ' ਦੇ ਕਰਤਾ ਵਿਮਲਾਕਾਂਤ ਰਾਇ ਚੌਧਰੀ ਨੇ ਰਾਗ ਮਾਝ ਦੇ ਦੋ ਸਰੂਪ ਦਿੱਤੇ ਹਨ। ਪਹਿਲੇ ਸਰੂਪ ਵਿਚ ਇਸ ਨੂੰ ਵਕਰ ਸੰਪੂਰਨ ਜਾਤੀ ਦਾ ਰਾਗ ਮੰਨਿਆ ਹੈ। ਦੋਵੇਂ ਗੰਧਾਰ ਤੇ ਨਿਸ਼ਾਦ ਕੋਮਲ ਤੇ ਹੋਰ ਸਵਰ ਸ਼ੁੱਧ ਹਨ। ਪੰਚਮ-ਰਿਸ਼ਭ ਦਾ ਸੰਵਾਦ ਤੇ ਸਮਾਂ ਰਾਤ ਦਾ ਦੂਜਾ ਪਹਿਰ ਹੈ। ਆਰੋਹ ਸ ਰ ਮ ਗ ਮ ਪ ਧ ਨੁ ਧ ਸਂ ਅਵਰੋਹ ਸਂ ਨੁ ਧ ਪ ਮ ਗ ਮ ਗੁ ਰ ਸ। ਰਾਗ ਦਾ ਦੂਜਾ ਸਰੂਪ ਔੜਵ-ਵਕਰ ਸੰਪੂਰਨ ਜਾਤੀ ਦਾ ਹੈ। ਦੋਵੇਂ ਨਿਸ਼ਾਦ ਹੋਰ ਸਵਰ ਸ਼ੁੱਧ ਹਨ ਆਰੋਹ ਵਿਚ ਧੈਵਤ ਤੇ ਨਿਸ਼ਾਦ ਵਰਜਿਤ ਹਨ। ਮਧਿਅਮ-ਸ਼ੜਜ ਦਾ ਸੰਵਾਦ ਹੈ। ਆਰੋਹ- ਸ ਰ ਗ ਮ ਪ ਸਂ ਅਵਰੋਹ- ਸਂ ਨ ਪ ਨੁ ਪ ਧ ਮ ਪ ਗ ਮ ਰ ਸ। ਵਿਦਵਾਨਾਂ ਦਾ ਇਹ ਵੀ ਮੱਤ ਹੈ ਕਿ ਉੱਤਰੀ ਸੰਗੀਤ ਪੱਧਤੀ ਵਿਚ ਬਹੁਤ ਸਾਰੇ ਰਾਗਾਂ ਦੇ ਸਰੂਪ ਜਿਵੇਂ ਰਾਗ ਭੂਪਾਲੀ, ਦੁਰਗਾ, ਪਹਾੜੀ, ਤਿਲੰਗ, ਆਸਾ, ਸਾਰੰਗ ਆਦਿ ਲੋਕ ਧੁਨਾਂ ਜਾਂ ਪ੍ਰਚੱਲਿਤ ਲੋਕ ਗੀਤਾਂ ਤੇ ਅਧਾਰਿਤ ਹਨ ਉਸੇ ਤਰ੍ਹਾਂ ਹੀ ਰਾਗੁ ਮਾਝ ਵੀ ਪੰਜਾਬ ਪ੍ਰਾਂਤ ਦੇ ਮਾਝੇ ਦੇ ਇਲਾਕੇ ਦੀ ਉਸ ਸਮੇਂ ਪ੍ਰਚਲਿਤ ਕਿਸੇ ਲੋਕ ਧੁਨ ਦੀ ਹੀ ਉਪਜ ਹੈ। ਗੁਰੂ ਕਾਲ ਵਿਚ ਇਸ ਰਾਗ ਵਿਚ ਪ੍ਰਚਲਿਤ ਲੋਕ ਧੁਨ ਤੇ ਮਾਝ ਦੀ ਵਾਰ ਨੂੰ ਗਾਇਨ ਕਰਨ ਲਈ ਗੁਰੂ ਜੀ ਨੇ "ਵਾਰ ਮਾਝ ਕੀ ਤਥਾ ਸਲੋਕ ਮਹਲਾ ੧ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ" ਦਾ ਆਦੇਸ਼ ਦਿੱਤਾ ਹੈ।

ਗੁਰਮਤਿ ਸੰਗੀਤ ਦੇ ਖੋਜੀਆਂ ਵਿਚੋਂ ਭਾਈ ਸਾਹਿਬ ਡਾਕਟਰ ਵੀਰ ਸਿੰਘ ਨੇ 'ਗੁਰਮਤ ਸੰਗੀਤ ਪਰ ਹੁਣ ਤੀਕ ਮਿਲੀ ਖੋਜ' ਪੰਨਾ ੨੪ ਤੇ ਰਾਗ ਮਾਝ ਨੂੰ ਰਾਗਨੀ ਮੰਨਿਆ ਹੈ। ਮਾਝੇ ਦੇਸ ਦੀ ਰਾਗਨੀ ਹੋਣ ਤੇ ਦੇਸੀ ਸੰਕੀਰਣ ਹੈ। ਸਿਰੀ ਰਾਗੁ, ਮਧ ਮਾਧਵੀ, ਮਲਾਰ ਮਿਲੇ ਤੇ ਬਣੀ ਹੈ। 'ਰਤਨ ਸੰਗੀਤ ਭੰਡਾਰ' ਦੇ ਕਰਤਾ ਮਾਸਟਰ ਭਾਈ ਪ੍ਰੇਮ ਸਿੰਘ ਨੇ ਮਾਝ ਲਖਣ ਦੋਹਰਾ ਪੰਨਾ ੨੭ ਤੇ ਦੱਸਿਆ ਹੈ 'ਸਾਰਗ ਔਰ ਧਨਾਸਰੀ ਬਿਲਾਵਲ ਸੋਰਠ ਚਾਰ। ਇਨ ਤੇ ਪੈਦਾ ਹੋਤ ਹੈ ਮਾਝ ਕਹਿਤ ਸੁਰ ਤਾਰ'॥੧॥ ਡਾਕਟਰ ਚਰਨ ਸਿੰਘ ਜੀ ਦੀ 'ਗੁਰਮਤ ਸੰਗੀਤ ਪਰ ਹੁਣ ਤੀਕ ਮਿਲੀ ਖੋਜ' ਪੰਨਾ ੧੯ ਅਨੁਸਾਰ 'ਸੁਰ ਤਾਲ ਸਮੂਹ' ਵਿਚ ਲਿਖਿਆ ਹੈ ਕਿ ਸੋਰਠ, ਬਿਲਾਵਲ, ਸਾਰੰਗ, ਧਨਾਸਰੀ, ਨਟ ਪੰਜੇ ਮਿਲਣ ਕਰਕੇ ਮਾਝ ਬਣਦਾ ਹੈ। ਕਈ ਇਸ ਨੂੰ ਰਾਗਨੀ ਵੀ ਕਹਿੰਦੇ ਹਨ। 'ਬੁੱਧ ਪ੍ਰਕਾਸ਼ ਦਰਪਣ' ਵਿਚ ਜ਼ਿਕਰ ਆਉਂਦਾ ਹੈ, "ਸਿਰੀ ਰਾਗ ਮਾਧਵੀ, ਅਰ ਮਲਾਰ ਸੁਰ ਜਾਣ। ਇਹ ਮਿਲ ਮਾਝ ਬਖਾਨਹੀ ਲੀਜੋ ਗੁਨਿ ਜਨ ਮਾਨ"॥ 'ਮਹਾਨ ਕੋਸ਼' ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਦੇ ਕਥਨ ਅਨੁਸਾਰ ਮਾਝ ਇਕ ਸੰਪੂਰਨ ਜਾਤੀ ਦਾ ਰਾਗ ਹੈ। ਇਸ ਵਿਚ ਦੋਵੇਂ ਗੰਧਾਰ, ਦੋਵੇਂ ਨਿਸ਼ਾਦ ਤੇ ਬਾਕੀ ਸਵਰ ਸ਼ੁੱਧ ਲੱਗਦੇ ਹਨ। ਗ੍ਰਿਹ ਸਵਰ ਤੇ ਵਾਦੀ ਸਵਰ ਸ਼ੜਜ ਤੇ ਸੰਵਾਦੀ ਰਿਸ਼ਭ ਹੈ। ਗਾਇਨ ਸਮਾਂ ਦਿਨ ਦਾ ਚੌਥਾ ਪਹਿਰ ਹੈ। ਡਾਕਟਰ ਜੀ. ਐ. ਮਨਸੁਖਾਨੀ ਨੇ 'ਇੰਡੀਅਨ ਕਲਾਸੀਕਲ ਮਿਊਜ਼ਕ ਐਂਡ ਸਿੱਖ ਕੀਰਤਨ' ਵਿਚ ਰਾਗੁ ਮਾਝ ਨੂੰ ਖਮਾਜ ਥਾਟ ਦਾ ਸ਼ਾੜਵ-ਸੰਪੂਰਨ ਜਾਤੀ ਦਾ ਰਾਗ ਮੰਨਿਆ ਹੈ ਇਸ ਵਿਚ ਦੋਵੇਂ ਗੰਧਾਰ ਦੋਵੇਂ ਨਿਸ਼ਾਦ ਹੋਰ ਸਵਰ ਸ਼ੁੱਧ ਲੱਗਦੇ ਹਨ। ਆਰੋਹ- ਸ ਰ, ਮ ਪ ਧ, ਨ ਸਂ ਅਵਰੋਹ- ਸਂ ਨੁ ਧ ਪ, ਧ ਨੁ ਧ, ਪ, ਮ ਗ ਰ ਸ। ਵਾਦੀ ਸ ਸੰਵਾਦੀ ਪ ਹੈ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿਚੋਂ ਸੰਤ ਸਰਵਣ ਸਿੰਘ ਗੰਧਰਵ ਨੇ 'ਸੁਰ ਸਿਮਰਣ ਸੰਗੀਤ' ਵਿਚ ਮਾਝ ਨੂੰ ਖਮਾਜ ਥਾਟ ਦਾ ਰਾਗ ਮੰਨਿਆ ਹੈ। ਦੋਵੇਂ ਨਿਸ਼ਾਦ ਤੇ ਹੋਰ ਸਵਰ ਸ਼ੁੱਧ ਹਨ। ਜਾਤੀ ਵਕਰ ਸੰਪੂਰਨ, ਵਾਦੀ ਗੰਧਾਰ ਤੇ ਸੰਵਾਦੀ ਨਿਸ਼ਾਦ ਹੈ। ਗਾਇਣ ਸਮਾਂ ਰਾਤ ਦਾ ਦੂਜਾ ਪਹਿਰ ਹੈ। ਆਰੋਹ- ਸ, ਗ ਮ ਪ, ਗ ਮ ਰ, ਮ ਪ, ਧ ਨੁ, ਧ ਨ ਸਂ ਅਵਰੋਹ- ਸਂ ਨੁ ਧ ਮ,

ਪ ਗ ਮ ਰ, ਸ ਨ਼ ਸ ਧ਼ ਨ਼ ਰ, ਗ ਮ ਰ ਸ। 'ਪ੍ਰਾਚੀਨ ਗੀਤ ਰਤਨਾਵਲੀ' ਦੇ ਕਰਤਾ ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ ਨੇ ਰਾਗ ਮਾਝ ਦਾ ਸਰੂਪ ਦੋ ਪ੍ਰਕਾਰ ਦਾ ਇਕ ਕਾਫੀ ਅੰਗ ਦਾ ਤੇ ਦੂਜਾ ਖਮਾਜ ਅੰਗ ਦਾ ਦਿੱਤਾ ਹੈ। ਇਨ੍ਹਾਂ ਦੋਨਾਂ ਸਰੂਪਾਂ ਵਿਚ ਦੋ ਗੰਧਾਰ ਤੇ ਦੋ ਨਿਸ਼ਾਦ ਲੱਗਦੇ ਹਨ। ਕਾਫੀ ਅੰਗ ਵਿਚ ਕੋਮਲ ਗੁ ਤੇ ਖਮਾਜ ਅੰਗ ਵਿਚ ਸ਼ੁੱਧ ਗ ਦਾ ਜ਼ਿਆਦਾ ਪ੍ਰਯੋਗ ਹੈ। ਕਾਫ਼ੀ ਅੰਗ ਆਰੋਹੀ- ਸ ਰ ਮ ਪ ਨ ਸਂ ਅਵਰੋਹੀ- ਸਂ ਨੁ ਧ ਪ, ਸਂ ਪ ਗ ਮ ਗੁ ਰ ਸ। ਖਮਾਜ ਅੰਗ ਆਰੋਹੀ- ਸ ਰ ਮ ਪ ਧ ਨ ਸਂ/ ਸ ਰ ਗ ਮ ਪ ਨ ਸਂ ਅਵਰੋਹੀ- ਸਂ ਨੁ ਧ ਪ, ਧ ਨੁ ਧ ਪ, ਮ ਗ ਰ ਸ। ਡਾਕਟਰ ਗੁਰਨਾਮ ਸਿੰਘ ਨੇ 'ਆਦਿ ਗ੍ਰੰਥ ਰਾਗ-ਕੋਸ਼' ਵਿਚ ਰਾਗ ਮਾਝ ਦੇ ਤਿੰਨ ਸਰੂਪ ਦਿੱਤੇ ਹਨ। ਪਹਿਲਾ ਖਮਾਜ ਥਾਟ, ਜਾਤੀ ਸ਼ਾੜਵ-ਸੰਪੂਰਨ ਆਰੋਹ- ਸ ਗ, ਮ ਪ, ਧ ਨੁ ਧ ਪ, ਮ ਪ ਨ ਸਂ ਅਵਰੋਹ- ਸਂ ਨੁ ਧ ਪ, ਧ ਨੁ ਧ ਪ, ਮ ਪ ਧ ਮ ਗ ਰ ਸ। ਦੂਜਾ ਬਿਲਾਵਲ ਥਾਟ, ਵਾਦੀ ਗੰਧਾਰ ਸੰਵਾਦੀ ਧੈਵਤ ਆਰੋਹ- ਸ ਗ, ਮ, ਮ ਪ, ਮ ਪ, ਗ, ਗ ਮ ਧ, ਨ ਸਂ ਅਵਰੋਹ- ਸਂ ਨ ਧ, ਪ ਮ ਗ, ਰ ਸ, ਰ ਸ। ਤੀਜਾ ਥਾਟ ਕਾਫ਼ੀ ਜਾਤੀ ਔੜਵ-ਵਕਰ ਸੰਪੂਰਨ, ਵਾਦੀ ਰਿਸ਼ਭ ਸੰਵਾਦੀ ਪੰਚਮ ਆਰੋਹ-ਸ ਰ, ਮ ਪ, ਨ ਸਂ ਅਵਰੋਹ- ਸਂ ਨੁ ਧ ਮ, ਧ ਮ ਗ ਮ, ਰ ਪ, ਗੁ ਰ ਗੁ ਸ ਰ ਨ਼ ਸ। ਇਹ ਸਰੂਪ ਪ੍ਰੋਫੈਸਰ ਤਾਰਾ ਸਿੰਘ ਦੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ', ਸਰਦਾਰ ਗਿਆਨ ਸਿੰਘ ਦੇ 'ਗੁਰਬਾਣੀ ਸੰਗੀਤ', ਪ੍ਰਿੰਸੀਪਲ ਦਿਆਲ ਸਿੰਘ ਦੇ 'ਗੁਰਮਤਿ ਸੰਗੀਤ ਸਾਗਰ' ਭਾਗ-੪ ਤੇ ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ ਜਵੱਦੀ ਟਕਸਾਲ ਦੇ ਸਰੂਪ ਨਾਲ ਮਿਲਦਾ ਹੈ। ਇਹਨਾਂ ਵਿਚੋਂ ਪਿਛਲੇ ਤਿੰਨ ਗ੍ਰੰਥਕਾਰਾਂ ਨੇ ਰਾਗ ਮਾਝ ਦੀ ਰਚਨਾ ਖਮਾਜ ਥਾਟ ਤੋਂ ਮੰਨੀ ਹੈ ਪਰ ਪ੍ਰੋਫੈਸਰ ਤਾਰਾ ਸਿੰਘ ਨੇ ਰਾਗ ਦੇ ਉਸੇ ਹੀ ਸਰੂਪ ਨੂੰ ਕਾਫ਼ੀ ਥਾਟ ਦਾ ਨਾਮ ਦਿੱਤਾ ਹੈ। ਰਾਗ ਮਾਝ ਇਕ ਸੰਕੀਰਨ ਜਾਤੀ ਦਾ ਰਾਗ ਹੈ ਜੋ ਦੇਸ, ਸਾਰੰਗ, ਦੇਸ਼ੀ, ਕਾਫ਼ੀ, ਜੈਜਾਵੰਤੀ, ਮਾਲਗੂੰਜੀ ਆਦਿ ਰਾਗਾਂ ਦਾ ਮਿਸ਼ਰਨ ਹੈ। ਪਰ ਕੁਝ ਸਵਰ ਸੰਗਤੀਆਂ ਦੇ ਪ੍ਰਯੋਗ ਨਾਲ ਇਸ ਰਾਗ ਦਾ ਦੂਜੇ ਰਾਗਾਂ ਨਾਲੋਂ ਆਪਣਾ ਇਕ ਵੱਖਰਾ ਸਰੂਪ ਬਣਿਆ ਰਹਿੰਦਾ ਹੈ ਜਿਵੇਂ ਪ ਧ ਪ ਮ ਗ ਮ, ਰ ਪ, ਗੁ, ਸ ਰ ਨ਼ ਸ। ਇਹ ਰਾਗ ਮੱਧ ਮੰਦਰ ਤੇ ਤਾਰ ਸਪਤਕਾਂ ਵਿਚ ਗਾਇਆ ਜਾਂਦਾ ਹੈ। ਇਸ ਦੀ ਜਾਤੀ ਔੜਵ-ਸੰਪੂਰਨ ਹੈ ਕਿਉਂਕਿ ਗੰਧਾਰ ਤੇ ਧੈਵਤ ਦਾ ਪ੍ਰਯੋਗ ਆਰੋਹ ਵਿਚ ਨਹੀਂ ਹੈ। ਸ ਰ ਮ ਪ, ਨ ਸਂ ਲਏ ਜਾਂਦੇ ਹਨ। ਅਵਰੋਹ ਵਿਚ ਧ ਮ ਗ ਮ ਵਿਚ ਗੰਧਾਰ ਦੇ ਪ੍ਰਯੋਗ ਕਾਰਨ ਇਸ ਦੀ ਜਾਤੀ ਸ਼ਾੜਵ-ਸੰਪੂਰਨ ਵੀ ਮੰਨਦੇ ਹਨ ਪਰ ਬਹੁਮੱਤ ਔੜਵ-ਸੰਪੂਰਨ ਹੀ ਮੰਨਦੇ ਹਨ। ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਚਿਤ ਰਾਗਮਾਲਾ ਵਿਚ ਰਾਗ ਮਾਝ ਦਾ ਜ਼ਿਕਰ ਨਹੀਂ ਆਉਂਦਾ, ਪਰ ਮੰਨਣਯੋਗ ਤੱਥ ਤਾਂ ਇਹ ਹੈ ਕਿ ਰਾਗ ਮਾਝ ਗੁਰਮਤਿ ਸੰਗੀਤ ਦੀ ਹੀ ਮਹਾਨ ਦੇਣ ਹੈ। ਪਹਿਲੇ ਪੰਜਾਂ ਹੀ ਗੁਰੂ ਵਿਅਕਤੀਆਂ ਨੇ ਇਸ ਰਾਗ ਵਿਚ ਬਾਣੀ ਰਚੀ ਹੈ ਜਿਸ ਨਾਲ ਇਹ ਰਾਗ ਲੋਕ ਧੁਨਾਂ ਤੱਕ ਹੀ ਸੀਮਿਤ ਨਹੀਂ ਸਗੋਂ ਦੂਜੇ ਰਾਗਾਂ ਵਾਂਗ ਸ਼ਾਸਤਰੀਯ ਸੰਗੀਤ ਦੀ ਗਨਣਾ ਵਿਚ ਆ ਜਾਂਦਾ ਹੈ। ਸੋ ਪ੍ਰਮਾਣਿਕ ਤੱਥਾਂ ਦੇ ਅਧਾਰ ਤੇ ਮਾਝ ਦੇ ਇਸ ਪਰੰਪਰਾਗਤ ਸਰੂਪ ਨੂੰ ਪ੍ਰਵਾਣਿਤ ਮੰਨ ਕੇ ਇੱਥੇ ਵੀ ਰਾਗ ਦਾ ਇਹੀ ਸਰੂਪ ਦਿੱਤਾ ਜਾ ਰਿਹਾ ਹੈ।

**ਸ਼ਬਦ ਤਰਤੀਬ :-**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗੁ ਤਰਤੀਬ ਵਿਚ ਰਾਗੁ ਮਾਝ ਨੂੰ ਦੂਜਾ ਅਸਥਾਨ ਪ੍ਰਾਪਤ ਹੈ। ਇਸ ਬਾਣੀ ਦਾ ਆਰੰਭ ਪੰਨਾ ੯੪ ਤੋਂ ਹੁੰਦਾ ਹੈ। ਸ਼ਬਦ ਤਰਤੀਬ ਵਿਚ ਮ:੪ ਦੇ ੮, ਮ:੫ ਦੇ ੪੮, ਮ: ੧ ਦੇ ੧ ਤੇ ਮ: ੩ ਦੇ ੩੨ ਕੁੱਲ ੮੯ ਸ਼ਬਦ ਹਨ। ਪੰਨਾ ੧੩੩ ਤੇ 'ਬਾਰਹ ਮਾਹਾ' ਤੇ ੧੩੬ ਤੇ 'ਦਿਨ ਰੈਣਿ' ਦੇ ਸਿਰਲੇਖ ਹੇਠ ਬਾਣੀਆਂ ਦੀ ਰਚਨਾ ਵੀ ਇਸ ਰਾਗ ਵਿਚ ਹੈ। ਵਾਰ ਮਾਝ ਦੀ ਤਥਾ ਸਲੋਕ ਮਹਲਾ ੧, ੧੩੭ ਤੋਂ ੧੫੦ ਪੰਨਾ ਤੱਕ ਹੈ ਜਿਸ ਵਿਚ ੨੭ ਪਉੜੀਆਂ ਹਨ। ਇਨ੍ਹਾਂ ਵਿਚ ਮ: ੧ ਦੇ ੯ ਪਉੜੀਆਂ ਨਾਲ ਇਕ ਇਕ ਸਲੋਕ, ੧੦ ਪਉੜੀਆਂ ਨਾਲ ਦੋ ਦੋ ਸਲੋਕ, ਪਹਿਲੀ ਤੇ ਸੱਤਵੀਂ ਪਉੜੀ ਨਾਲ ਤਿੰਨ ਤਿੰਨ ਸਲੋਕ, ਨੌਵੀਂ ਨਾਲ ੪ ਤੇ ਤੇਰਵੀਂ ਨਾਲ ੭ ਸਲੋਕ ਕੁਲ ੪੬ ਸਲੋਕ ਹਨ। ਮ: ੧ ਦੇ ਪਉੜੀ ਨੰ: ੩, ੧੮, ੨੨ ਤੇ ੨੫ ਨਾਲ ਕੋਈ ਵੀ ਸਲੋਕ ਨਹੀਂ ਹੈ। ਮ: ੨ ਦੇ ਦੂਜੀ ਸਤਾਰਵੀਂ, ਉਨ੍ਹੀਵੀਂ, ਤੇਈਵੀਂ, ਛੱਬੀਵੀਂ ਤੇ ਸਤਾਈਵੀਂ ਇਨ੍ਹਾਂ ਛੇ ਪਉੜੀਆਂ ਨਾਲ ਇਕ ਇਕ ਤੇ ਤੀਜੀ, ਅਠਾਰਵੀਂ ਤੇ ਬਾਈਵੀਂ ਇਨ੍ਹਾਂ ਤਿੰਨ ਪਉੜੀਆਂ ਨਾਲ ਦੋ ਦੋ ਕੁੱਲ ੧੨ ਸਲੋਕ ਹਨ। ਮ: ੩ ਦੇ ਸੋਲ੍ਹਵੀਂ ਪਉੜੀ ਨਾਲ ਇਕ ਤੇ ਪੱਚੀਵੀਂ ਪਉੜੀ ਨਾਲ ਦੋ, ਕੁੱਲ ੩ ਸਲੋਕ ਹਨ ਤੇ ਮ: ੪ ਦੇ ਪੰਜਵੀਂ ਤੇ ਅੱਠਵੀਂ ਪਉੜੀ ਨਾਲ ਇਕ ਇਕ ਸਲੋਕ ਕੁਲ ਦੋ ਸਲੋਕ ਇਸ ਤਰ੍ਹਾਂ ਸਲੋਕਾਂ ਦੀ ਕੁੱਲ

ਗਿਣਤੀ ੬੩ ਹੈ।

**ਪਰੀਚੈ:-**

ਰਾਗ -ਮਾਝ ਥਾਟ -ਖਮਾਜ

ਸਵਰ -ਦੋਵੇਂ ਗੰਧਾਰ, ਦੋਵੇ ਨਿਸ਼ਾਦ ਬਾਕੀ ਸਭ ਸ਼ੁੱਧ

ਵਰਜਿਤ ਸਵਰ -ਆਰੋਹ ਵਿਚ ਗੰਧਾਰ ਤੇ ਧੈਵਤ

ਜਾਤੀ -ਔੜਵ-ਸੰਪੂਰਨ

ਵਾਦੀ -ਰਿਸ਼ਭ ਸੰਵਾਦੀ -ਪੰਚਮ

ਸਮਾਂ -ਦਿਨ ਦਾ ਚੌਥਾ ਪਹਿਰ

ਆਰੋਹ -ਸ ਰ, ਮ ਪ ਨ ਸੰ

ਅਵਰੋਹ -ਸੰ ਨੁ ਧ ਪ, ਧ ਮ ਗ ਮ, ਰ ਪ, ਗੁ, ਰ ਗੁ ਸ ਰ, ਨ਼ ਸ

ਮੁੱਖ ਅੰਗ (ਪਕੜ) ਪ, ਧ ਮ ਗ ਮ, ਰ ਪ, ਮ ਗੁ, ਰ ਗੁ, ਸ ਰ ਨ਼, ਸ।

ਸਵਰ-ਵਿਸਥਾਰ (ਅਲਾਪ):- ਸ, ਸ ਰ ਸ, ਨ਼ ਨ਼ ਸ, ਸ ਰ ਨ਼ੁ ਧ਼ ਪ਼, ਨ਼ ਸ, ਸ ਨ਼ੁ ਧ਼ ਪ਼, ਧ਼ ਮ਼ ਪ਼, ਨ਼ ਸ, ਰ ਨ਼ ਸ, ਰ ਮ ਪ, ਪ ਮ ਗ ਮ, ਰ ਪ, ਮ ਪ, ਧ ਮ ਗ ਮ, ਰ ਪ, ਮ ਗ ਮ, ਰ ਪ ਗੁ, ਰ ਗੁ, ਸ ਰ ਨ਼ ਸ।

ਸ ਰ ਸ, ਰ ਮ ਪ, ਮ ਗ ਮ, ਰ ਪ, ਪ ਮ ਪ, ਧ ਮ ਗ ਮ, ਰ ਪ, ਮ ਪ ਨੁ ਧ ਪ, ਮ ਪ ਨ ਸੰ, ਰੰ ਸੰ, ਨੁ ਧ ਪ, ਧ ਮ ਗ ਮ, ਰ ਪ ਗੁ ਰ, ਪ ਧ ਮ ਗ ਮ ਰ, ਪ ਗੁ ਰ ਗੁ ਸ ਰ ਨ਼ ਸ।

ਮ ਪ, ਨੁ ਧ ਪ, ਮ ਪ ਨ ਸੰ, ਨ ਸੰ ਰੰ ਨ ਸੰ, ਸੰ ਰੰ ਨ ਸੰ, ਸੰ ਗੁੰ ਸੰ ਰੰ ਨ ਸੰ, ਰੰ ਮੰ ਪੰ, ਮੰ ਗੰ ਮੰ ਰੰ ਪੰ ਗੁੰ, ਸੰ ਸੰ ਨ ਸੰ, ਮ ਪ ਨ ਸੰ, ਸੰ ਗੁੰ ਰੰ ਗੁੰ ਸੰ ਰੰ ਨ ਸੰ, ਮ ਪ ਨ ਸੰ, ਨੁ ਧ ਪ, ਧ ਮ ਗ ਮ, ਰ ਪ, ਗੁ ਰ ਗੁ, ਸ ਰ ਨ਼ ਸ ਨ਼ੁ ਧ਼ ਪ਼, ਨ਼ ਸ।

# ਰਾਗ ਅਤੇ ਸ਼ਬਦ

ਨਰਿੰਦਰ ਕੌਰ : *ਲੈਕਚਰਾਰ, ਸੰਗੀਤ ਆਵਾਜ਼, ਆਰੀਆ ਕਾਲਜ, ਪਠਾਨਕੋਟ*

ਸ੍ਰੀ ਗੁਰੂ ਗ੍ਰੰਥ ਸਾਹਿਬ ਦੁਨੀਆਂ ਦਾ ਇਕ ਅਜਿਹਾ ਨਿਵੇਕਲਾ ਧਾਰਮਿਕ ਗ੍ਰੰਥ ਹੈ ਜਿਸ ਵਿਚ ਦਰਜ ਹਰੇਕ ਸ਼ਬਦ ਨੂੰ ਇਕ ਖਾਸ ਰਾਗ ਵਿਚ ਰੱਖਿਆ ਗਿਆ ਹੈ। ਹਿੰਦੁਸਤਾਨੀ ਸ਼ਾਸਤਰੀ ਸੰਗੀਤ ਪਰੰਪਰਾ ਜਿਹੜੀ ਸੁਰ ਪ੍ਰਧਾਨ ਹੈ, ਦੇ ਅਨੁਸਾਰ ਹਰ ਸੁਰ ਦਾ ਮਨੁੱਖੀ ਮਨ ਤੇ ਆਪਣਾ ਵਿਸ਼ੇਸ਼ ਪ੍ਰਭਾਵ ਪੈਂਦਾ ਹੈ। ਸੰਗੀਤ ਦੇ ਸੱਤ ਸੁਰ 22 ਸ਼ਰੁਤੀਆਂ ਵਿਚੋਂ ਚੁਣੀਆਂ ਗਈਆਂ ਉਹ ਸੱਤ ਸ਼ਰੁਤੀਆਂ ਹੀ ਹਨ ਜਿਹੜੀਆਂ ਇਕ ਦੂਸਰੇ ਨਾਲੋਂ ਕੁਝ ਅੰਤਰ ਤੇ ਹਨ ਤੇ ਸੁਣਨ ਵਿਚ ਸੁਰੀਲੀਆਂ ਹਨ। ਇਸ ਲਈ ਸੁਰਾਂ ਦੇ ਮਨੁੱਖੀ ਮਨ ਤੇ ਪ੍ਰਭਾਵ ਨੂੰ ਜਾਣਨ ਲਈ 22 ਸ਼ਰੁਤੀਆਂ (ਸੁਣੀ ਜਾ ਸਕਣ ਵਾਲੀ ਮਧੁਰ ਆਵਾਜ਼; microtone) ਦੇ ਸੁਭਾਅ ਨੂੰ ਜਾਣ ਲੈਣਾ ਚਾਹੀਦਾ ਹੈ-

1. ਤੀਵਰਾ- ਇਹ ਤੀਵਰਤਾ, ਹਿੰਸਾ ਤੇ ਗਰਮੀ ਨੂੰ ਪ੍ਰਗਟਾਉਂਦੀ ਹੈ।
2. ਕੁਮੁਦਵਤੀ- ਇਹ ਕਠੋਰਤਾ, ਸ਼ਤਰੁਤਾ, ਵੈਰ, ਆਲੋਚਨਾ ਨੂੰ ਪ੍ਰਗਟਾਉਂਦੀ ਹੈ। ਕੁਮੁਦ ਦੇ ਦੋ ਭਾਵ ਹਨ ਪਹਿਲਾ ਦੁਸ਼ਮਣੀ ਤੇ ਦੂਜਾ ਕਮਲ। ਇਸ ਲਈ ਇਹ ਅੰਤਰਮਨ ਦੀ ਖੁਸ਼ੀ ਨੂੰ ਵੀ ਪ੍ਰਗਟਾਉਂਦੀ ਹੈ।
3. ਮੰਦਾ- ਇਹ ਸੁਸਤੀ, ਆਲਸ, ਨਿਸ਼ਕ੍ਰਿਅਤਾ, ਖੁਸ਼ੀ ਤੇ ਉਤਸਾਹ ਦੀ ਚਾਹਤ ਨੂੰ ਪ੍ਰਗਟਾਉਂਦੀ ਹੈ।
4. ਛੰਦੋਵਤੀ- ਇਹ ਮਾਨਸਿਕ ਸ਼ਾਂਤੀ, ਆਜ਼ਾਦੀ, ਉਦਾਰਤਾ ਤੇ ਹੀਰੋਵਾਦ ਨੂੰ ਪ੍ਰਗਟ ਕਰਦੀ ਹੈ।
5. ਦਇਆਵਤੀ- ਇਹ ਦਇਆ, ਕੋਮਲਤਾ ਤੇ ਦੁਲਾਰ ਨੂੰ ਪ੍ਰਗਟਾਉਂਦੀ ਹੈ।
6. ਰੰਜਨੀ- ਇਹ ਖੁਸ਼ੀ, ਸੁਖ ਤੇ ਸਿਫਤ ਨੂੰ ਦਰਸਾਉਂਦੀ ਹੈ।
7. ਰਕਤਿਕਾ- ਰਕਤੀ ਤੋਂ ਭਾਵ ਖੁਸ਼ੀ, ਲਗਾਵ। ਇਹ ਨੂਰਤਾ, ਭਗਤੀ ਤੇ ਅਤਿ ਦੀ ਖੂਬਸੂਰਤੀ ਤੇ ਸਿਫਤ ਨੂੰ ਦਰਸਾਉਂਦੀ ਹੈ।
8. ਰੌਦ੍ਰੀ- ਇਹ ਉਤਸਾਹ ਤੇ ਅੰਤਮਨ ਦੀ ਗਰਮੀ ਨੂੰ ਵਿਅਕਤ ਕਰਦੀ ਹੈ।
9. ਕਰੋਧਾ- ਇਹ ਗੁੱਸੇ ਨੂੰ ਵਿਅਕਤ ਕਰਦੀ ਹੈ।
10. ਵਜਰਿਕਾ- ਇਹ ਬੜੀ ਕਠੋਰ ਭਾਸ਼ਾ ਤੇ ਅਭਿਸ਼ਾਪ ਨੂੰ ਪ੍ਰਗਟਾਉਂਦੀ ਹੈ।
11. ਪ੍ਰਸਾਰਿਣੀ- ਪ੍ਰਸਾਰ ਤੋਂ ਭਾਵ ਪਸਾਰਾ, ਇਹ ਵਿਸਥਾਰ ਨੂੰ ਪ੍ਰਗਟ ਕਰਦੀ ਹੈ।
12. ਪ੍ਰੀਤੀ- ਇਹ ਅਨੰਦ, ਖੁਸ਼ੀ, ਉਲਾਸ ਤੇ ਸੰਤੋਖ ਨੂੰ ਪ੍ਰਗਟਾਉਂਦੀ ਹੈ।
13. ਮਾਰਜਿਨੀ- ਮਾਰਜਨ ਤੋਂ ਭਾਵ ਸਾਫ ਕਰਨਾ, ਸ਼ੁੱਧ ਕਰਨਾ। ਇਹ ਹਿਰਦੇ ਨੂੰ ਸ਼ੁੱਧ ਕਰਨਾ, ਪਿਆਰ, ਮਜ਼ਾਕ, ਹਾਸੇ ਤੇ ਘਮੰਡ ਨੂੰ ਦਰਸਾਉਂਦੀ ਹੈ।
14. ਕਸ਼ਿਤੀ- ਇਹ ਨਸ਼ਟਤਾ ਨੂੰ ਤੇ ਘਮੰਡ ਨੂੰ ਵਿਅਕਤ ਕਰਦੀ ਹੈ।
15. ਰਕਤਾ- ਇਹ ਲਗਾਵ, ਭਗਤੀ, ਉੱਤੇਜਨ ਤੇ ਚਿੰਤਾ ਨੂੰ ਵਿਅਕਤ ਕਰਦੀ ਹੈ।
16. ਸੰਦੀਪਨੀ- ਇਹ ਪਿਆਰ ਦੀ ਜੋਤ ਜਗਾਉਣ ਤੇ ਉਸ ਤੋਂ ਪੈਦਾ ਹੋਣ ਵਾਲੀ ਉੱਤੇਜਨਾ ਵੱਲ ਇਸ਼ਾਰਾ ਕਰਦੀ ਹੈ।
17. ਆਲਾਪਿਨੀ- ਇਹ ਪਿਆਰ ਕਰਨ ਵਾਲਿਆਂ ਦੀ ਗੱਲਬਾਤ ਪਿਆਰ ਦਾ ਇਜ਼ਹਾਰ ਤੇ ਸਹਾਨਭੂਤੀ ਨੂੰ ਵਿਅਕਤ ਕਰਦੀ ਹੈ।
18. ਮੰਦਤੀ- ਇਹ ਨਸ਼ੇਪੁਣੇ, ਪਾਗਲਪੁਣਾ, ਸਰੀਰਕ ਪਿਆਸ ਤੇ ਈਰਖਾ ਤੋਂ ਉਪਜੇ ਗੁੱਸੇ ਨੂੰ ਪ੍ਰਗਟਾਉਂਦੀ ਹੈ।
19. ਰੋਹਿਨੀ- ਰੂਹ ਤੋਂ ਭਾਵ ਵੱਧਣਾ-ਫੂਲਣਾ, ਇਹ ਵਿਅਕਤ ਕਰਦੀ ਹੈ ਖੁਸ਼ੀ ਦੇ ਵਾਧੇ ਨੂੰ, ਦਰਦ ਨੂੰ। ਇਸ ਸ਼ਬਦ ਤੋਂ ਇਹ ਭਾਵ ਵੀ ਹੈ ਉਹ ਲੜਕੀ ਜਿਹੜੀ ਹੁਣੇ ਹੁਣੇ ਹੀ ਵੱਡੀ ਹੋਈ ਹੈ। ਇਹ ਕਿਸ਼ੋਰਵਸਥਾ ਦੀਆਂ ਆਸ਼ਾਵਾਂ ਤੇ ਡਰ ਨੂੰ ਪ੍ਰਗਟਾਉਂਦੀ ਹੈ।
20. ਰਮਯਾ- ਇਹ ਆਰਾਮ, ਨਿਕੰਮੇਪੁਣੇ ਨੂੰ ਤੇ ਬਾਹਰੀ ਦਿਖਾਵੇ ਪ੍ਰਤੀ ਅਣਜਾਨਪੁਣੇ ਨੂੰ ਵਿਅਕਤ ਕਰਦੀ ਹੈ।
21. ਉਗੱਰਾ- ਉਗੱਰ ਤੋਂ ਭਾਵ ਸ਼ਕਤੀਸ਼ਾਲੀ, ਡਰਾਵਣਾ, ਤਿੱਖਾ। ਇਹ ਡਰ, ਭੈ ਤੇ ਖਤਰੇ ਭਰੀਆਂ ਭਾਵਨਾਵਾਂ ਨੂੰ ਵਿਅਕਤ ਕਰਦੀ ਹੈ।
22. ਕਸ਼ੋਭਿਨੀ- ਇਹ ਉਥਲ-ਪੁਥਲ, ਵਿਦ੍ਰੋਹ ਤੇ ਅਤਿ

ਦੀ ਚਿੰਤਾ ਨੂੰ ਪ੍ਰਗਟਾਉਂਦੀ ਹੈ।

ਸੱਤ ਸੁਰਾਂ ਦੀ ਸ਼ਰੁਤੀਆਂ ਤੇ ਸਥਾਪਨਾ ਦਾ ਵੇਰਵਾ ਇਸ ਤਰ੍ਹਾਂ ਹੈ-

| ਸੁਰ ਦਾ ਨਾਂ | ਸ਼ਰੁਤੀ ਜਿਸਤੇ ਸਥਾਪਿਤ ਹੈ | ਸੁਰ ਦੇ ਅੰਤਰਗਤ ਆਣ ਵਾਲੀਆਂ ਸ਼ਰੁਤੀਆਂ |
|---|---|---|
| 1. ਸ਼ਡਜ | ਛੰਦੋਵਤੀ | ਤੀਵਰਾ, ਕੁਮੁਦਵਤੀ, ਮੰਦਾ ਤੇ ਛੰਦਾਵੰਤੀ |
| 2. ਰਿਸ਼ਭ | ਰਕਤਿਕਾ | ਦਇਆਵਤੀ, ਰੰਜਨੀ, ਰਕਤਿਕਾ |
| 3. ਗੰਧਾਰ | ਕ੍ਰੋਧਾ | ਰੌਦਰੀ, ਕ੍ਰੋਧਾ |
| 4. ਮਧਿਅਮ | ਮਾਰਜਿਨੀ | ਵਜਰਿਕਾ, ਪ੍ਰਸਾਰਿਣੀ, ਪ੍ਰੀਤੀ, ਮਾਰਜਿਨੀ |
| 5. ਪੰਚਮ | ਆਲਾਪਿਨੀ | ਕਸ਼ਿਤੀ, ਰਕਤਾ, ਸੰਦੀਪਨੀ ਤੇ ਆਲਾਪਿਨੀ |
| 6. ਧੈਵਤ | ਰਮਯਾ | ਮਦੰਤੀ, ਰੋਹਿਨੀ, ਰਮਯਾ |
| 7. ਨਿਸ਼ਾਦ | ਕਸ਼ੋਭਿਨੀ | ਉਗਰਾ, ਕਸ਼ੋਭਿਨੀ |

ਉਪਰੋਕਤ ਵਿਸਥਾਰ ਇਸ ਉਦੇਸ਼ ਨਾਲ ਦਿੱਤਾ ਗਿਆ ਹੈ ਕਿ ਸੰਗੀਤ ਦੀਆਂ ਸੂਖਮ ਧੁਨੀਆਂ ਦਾ ਮਨੁੱਖੀ ਮਨ ਤੇ ਕਿਹੜਾ ਕਿਹੜਾ ਪ੍ਰਭਾਵ ਪੈਂਦਾ ਹੈ। ਇਨ੍ਹਾਂ ਧੁਨੀਆਂ ਦੇ ਸੁਮੇਲ ਨਾਲ ਬਣੀ ਰਚਨਾ ਜੋ ਰਾਗ ਕਹਾਉਂਦੀ ਹੈ, ਦਾ ਵੀ ਪ੍ਰਭਾਵ ਮਨ ਤੇ ਪੈਂਦਾ ਹੈ। ਜਾਂ ਇੰਝ ਕਹ ਲਓ ਕਿ ਕਿਸੇ ਖਾਸ ਭਾਵ ਨੂੰ ਪੈਦਾ ਕਰਨ ਲਈ ਕਿਹੜੀ ਧੁਨ ਗਾਈ ਜਾਂ ਵਜਾਈ ਜਾਵੇ। ਹਰ ਰਾਗ ਆਪੋ ਆਪਣੇ ਸੁਭਾਅ ਅਨੁਸਾਰ ਮਨ ਨੂੰ ਪ੍ਰਭਾਵਿਤ ਕਰਦਾ ਹੈ। ਜਿਵੇਂ ਕਿ ਮੇਘ ਤੇ ਮਲ੍ਹਾਰ ਰਾਗ ਮੀਂਹ ਤੇ ਵਰਖਾ ਨਾਲ ਸੰਬੰਧਿਤ ਹੋਣ ਕਾਰਨ ਖੁਸ਼ਹਾਲੀ ਤੇ ਹਰਿਆਲੀ ਦਾ ਪ੍ਰਤੀਕ ਹਨ, ਮਨ ਨੂੰ ਆਨੰਦਿਤ ਕਰਦੇ ਤੇ ਠੰਡ ਪਹੁੰਚਾਉਂਦੇ ਹਨ। ਤਾਨਸੇਨ ਦੇ ਦੀਪਕ ਰਾਗ ਗਾਉਣ ਨਾਲ ਅੱਗ ਬਲ ਪਈ ਤੇ ਦੀਪਕ ਬਲਣ ਲੱਗ ਗਏ ਸਨ। ਭੈਰਵ ਰਾਗ ਭਗਤੀ ਭਾਵਨਾ ਨੂੰ ਜਗਾਉਂਦਾ ਹੈ। ਰਾਗ ਸ੍ਰੀ ਇਕ 18 ਸਾਲਾਂ ਦਾ ਨੌਜਵਾਨ ਹੈ, ਜਿਸਨੇ ਲਾਲ ਰੰਗ ਦੇਂ ਬਸਤ੍ਰ ਪਹਿਨੇ ਹਨ, ਗਲ ਵਿਚ ਮੋਤੀਆਂ ਤੇ ਰੂਬੀਆਂ ਦਾ ਹਾਰ, ਕੰਨਾ ਵਿਚ ਗਹਿਣੇ, ਖੱਬੇ ਹੱਥ ਕਮਲ ਤੇ ਸੱਜੇ ਵਿਚ ਨੰਗੀ ਤਲਵਾਰ ਸ਼ਾਹੀ ਤਖ਼ਤ ਤੇ ਬੈਠਾ ਲਾਸਾਨੀ ਬੀਨ (ਸੰਗੀਤਕ ਸਾਜ਼) ਨੂੰ ਸੁਣ ਰਿਹਾ ਹੈ। ਰਾਗ ਹਿੰਡੋਲ ਖੁਸ਼ੀ ਦਾ ਪ੍ਰਤੀਕ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਨ ਨਾਲ ਇਹ ਸੁੱਤੇ ਸਿੱਧ ਹੈ ਕਿ ਗੁਰੂ ਸਾਹਿਬਾਨ ਸੰਗੀਤ ਵਿਚ ਪੂਰਨ-ਨਿਪੁੰਨ ਸਨ। ਗੁਰੂ ਸਾਹਿਬਾਨ ਨੇ ਰਾਗਾਂ ਦੇ ਸੁਭਾਅ ਦੇ ਮੁਤਾਬਿਕ ਹੀ ਸ਼ਬਦ ਦਾ ਉਚਾਰਨ ਕੀਤਾ। ਗੁਰੂ ਨਾਨਕ ਮਰਦਾਨੇ ਨੂੰ ਕਹਿੰਦੇ "ਮਰਦਾਨਿਆ ਰਬਾਬ ਵਜਾ ਬਾਣੀ ਆਈ ਹੈ।" ਮਰਦਾਨਾ ਰਾਗ ਦੀਆਂ ਸੁਰਾਂ ਛੇੜਦਾ ਤੇ ਗੁਰੂ ਨਾਨਕ ਬਾਣੀ ਦਾ ਗਾਇਨ ਕਰਦੇ। ਮਲ੍ਹਾਰ ਰਾਗ ਬਾਰੇ ਗੁਰੂ ਅਮਰਦਾਸ ਜੀ ਕਹਿੰਦੇ ਹਨ-

- *ਮਲ੍ਹਾਰ ਸੀਤਲ ਰਾਗ ਹੈ*
  *ਹਰਿ ਧਿਆਈਐ ਸਾਂਤਿ ਹੋਇ*
- *ਗੁਰਮੁਖਿ ਮਲ੍ਹਾਰ ਰਾਗੁ ਜੋ ਕਰਹਿ,*
  *ਤਿਨ ਮਨ ਤਨ ਸੀਤਲ ਹੋਇ॥*

ਮਲਾਰ ਦੀ ਸੁਰ ਬਾਰੇ ਵਰਨਣ ਹੈ-

- *ਜਾਕੀ ਸੁਰ ਬਿਜੁਲ ਘਨ ਗਰਜਤ,*
  *ਮ੍ਰਿਗ ਨਾਚਿਤ ਸੁਨ ਜਾ ਕੋ॥*

ਗੁਰ ਅਰਜਨ ਦੇਵ ਜੀ ਨੇ ਗੁਰੂ ਨੂੰ ਮੇਘ ਕਿਹਾ ਹੈ ਤੇ ਬੇਨਤੀ ਕੀਤੀ ਹੈ ਕਿ ਬਾਣੀ ਦੀ ਵਰਖਾ ਕਰੋ-

- *ਬਰਸ ਮੇਘ ਜੀ ਤਿਲੁ ਬਿਲਮੁ ਨ ਲਾਓ॥*

ਰਾਗ ਕਲਿਆਣ ਖੁਸ਼ੀ ਪੈਦਾ ਕਰਦਾ ਹੈ। ਨਾਮ ਪ੍ਰਗਟ ਹੋਇਆ ਹੈ। ਆਤਮਾ ਅਨੰਦ ਵਿਚ ਹੈ ਤੇ ਰੱਬੀ ਪ੍ਰਭਾਤ ਦੀ ਲੋਅ ਨੂੰ ਵੇਖ ਰਹੀ ਹੈ। ਨਾਮ ਪ੍ਰਗਟ ਹੋਣ ਨਾਲ ਜਿਵੇਂ ਤਨ ਮਨ ਵਿਚ ਖੁਸ਼ਬੂ ਹੋ ਜਾਂਦੀ ਹੈ ਉਸੇ ਤਰ੍ਹਾਂ ਕਲਿਆਣ ਦਾ ਰੂਪ ਦਰਸਾਇਆ ਗਿਆ ਹੈ-

*ਸਕਲ ਸੁਗੰਧ ਲੇਪ ਤਨ ਲਾਯੋ।*
*ਅੰਬਰ ਅੰਗ ਸੇਤ ਪਹਰਾਯੋ॥*
*ਗ੍ਰੀਵ ਬਿਸਾਲ ਮੋਤੀਅਨ ਮਾਲਾ।*
